Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 326 20/05/2026 www.samajweekly.com samajweekly @samajweekly samajweekly

# ਅਵਾਰਾ ਕੁੱਤਿਆਂ ਦੇ ਮੁੱਦੇ 'ਤੇ ਸੁਪਰੀਮ ਕੋਰਟ ਦਾ ਫ਼ੈਸਲਾ, 'ਖ਼ਤਰਨਾਕ ਕੁੱਤਿਆਂ ਨੂੰ ਲਗਾ ਦਿੱਤੇ ਜਾਣ ਮੌਤ ਦੇ ਟੀਕੇ'

## ਜਨਤਕ ਥਾਵਾਂ ਤੋਂ ਕੁੱਤਿਆਂ ਨੂੰ ਹਟਾਉਣਾ ਜ਼ਰੂਰੀ: SC

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕਿਹਾ ਕਿ ਖ਼ਤਰਨਾਕ ਅਤੇ ਬਿਮਾਰ ਕੁੱਤਿਆਂ ਨੂੰ ਟੀਕੇ ਲਗਾ ਕੇ ਮਾਰਿਆ ਜਾ ਸਕਦਾ ਹੈ। ਜਨਤਕ ਜੀਵਨ ਦੀ ਰੱਖਿਆ ਕਰਨਾ ਬਹੁਤ ਜ਼ਰੂਰੀ ਹੈ। ਨਿਰਦੇਸ਼ਾਂ ਦੀ ਉਲੰਘਣਾ ਕਰਨ ਵਾਲੇ ਅਧਿਕਾਰੀਆਂ 'ਤੇ ਮਾਣਹਾਨੀ ਦਾ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ। ਅਦਾਲਤ ਨੇ ਇਸ ਮਾਮਲੇ ਵਿੱਚ ਸਾਰੀਆਂ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ। ਅਦਾਲਤ ਨੇ ਇਹ ਵੀ ਨੋਟ ਕੀਤਾ ਕਿ ਰਾਜਸਥਾਨ ਦੇ ਸ਼੍ਰੀਗੰਗਾਨਗਰ ਸ਼ਹਿਰ ਵਿੱਚ ਹੀ ਇੱਕ ਮਹੀਨੇ ਦੇ ਅੰਦਰ 1,084 ਕੁੱਤਿਆਂ ਦੇ ਕੱਟਣ ਦੀਆਂ ਰਿਪੋਰਟਾਂ ਆਈਆਂ। ਰਿਪੋਰਟਾਂ ਦਰਸਾਉਂਦੀਆਂ ਹਨ ਕਿ ਛੋਟੇ ਬੱਚਿਆਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ, ਜਿਨ੍ਹਾਂ ਦੇ ਚਿਹਰੇ 'ਤੇ ਡੂੰਘੇ ਜ਼ਖ਼ਮ ਹਨ। ਤਾਮਿਲਨਾਡੂ ਵਿੱਚ, ਸਾਲ ਦੇ



ਪਹਿਲੇ ਚਾਰ ਮਹੀਨਿਆਂ ਵਿੱਚ ਲਗਭਗ 200,000 ਕੁੱਤਿਆਂ ਦੇ ਕੱਟਣ ਦੀਆਂ ਰਿਪੋਰਟਾਂ ਆਈਆਂ। ਨਵੰਬਰ 2025 ਵਿੱਚ, ਸੁਪਰੀਮ ਕੋਰਟ ਨੇ ਸਕੂਲ, ਹਸਪਤਾਲ, ਬੱਸ ਸਟੈਂਡ ਅਤੇ ਰੇਲਵੇ ਸਟੇਸ਼ਨਾਂ ਵਰਗੀਆਂ ਜਨਤਕ ਥਾਵਾਂ ਤੋਂ ਅਵਾਰਾ ਕੁੱਤਿਆਂ ਨੂੰ ਹਟਾਉਣ ਦੇ ਨਿਰਦੇਸ਼ ਜਾਰੀ ਕੀਤੇ। ਇਸ ਨੇ ਨਿਰਦੇਸ਼ ਦਿੱਤਾ ਕਿ ਕੁੱਤਿਆਂ ਨੂੰ ਸ਼ੈਲਟਰਾਂ ਵਿੱਚ ਰੱਖਿਆ ਜਾਵੇ ਅਤੇ ਛੱਡਿਆ ਨਾ ਜਾਵੇ। ਇਸ ਨੇ ਸੜਕਾਂ 'ਤੇ ਕੁੱਤਿਆਂ ਨੂੰ ਖੁਆਉਣ 'ਤੇ ਵੀ ਪਾਬੰਦੀ ਲਗਾ ਦਿੱਤੀ। ਇਸ ਤੋਂ ਬਾਅਦ, ਕੁੱਤੇ ਪ੍ਰੇਮੀਆਂ ਅਤੇ ਗੈਰ-ਸਰਕਾਰੀ ਸੰਗਠਨਾਂ ਨੇ ਇਨ੍ਹਾਂ ਨਿਰਦੇਸ਼ਾਂ ਨੂੰ ਉਲਟਾਉਣ ਲਈ ਇੱਕ ਅਰਜ਼ੀ ਦਾਇਰ ਕੀਤੀ। ਜਸਟਿਸ ਵਿਕਰਮ ਨਾਥ, ਸੰਦੀਪ ਮਹਿਤਾ ਅਤੇ ਐਨਵੀ ਅੰਜਾਰੀਆ ਦੇ ਬੈਂਚ ਨੇ ਮਾਮਲੇ ਦੀ ਸੁਣਵਾਈ ਕੀਤੀ।

# ਦੇਸ਼ ਦੇ 13 ਜਲ ਭੰਡਾਰਾਂ 'ਚ 50 ਫ਼ੀ ਸਦੀ ਤੋਂ ਹੇਠਾਂ ਡਿੱਗਿਆ ਪਾਣੀ ਦਾ ਪੱਧਰ

**ਚੰਡੀਗੜ੍ਹ ।** ਗਰਮੀ ਦਾ ਵੱਧ ਰਿਹਾ ਪ੍ਰਭਾਵ ਅਤੇ ਅਲ ਨੀਨੋ ਦੀ ਦਸਤਕ ਭਾਰਤ ਦੇ ਵਾਤਾਵਰਣ ਲਈ ਇਕ ਚੁਨੌਤੀ ਬਣ ਰਿਹਾ ਹੈ ਅਤੇ ਅੰਦਾਜ਼ਾ ਹੈ ਕਿ ਮਾਨਸੂਨ ਦੌਰਾਨ ਮੀਂਹ ਵੀ ਘੱਟ ਪਵੇਗਾ। ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਨਾਲ ਨਦੀ ਅਤੇ ਜਲ ਭੰਡਾਰਾਂ ਵਿਚ ਪਾਣੀ ਦਾ ਸੰਕਟ ਪੈਦਾ ਹੋ ਸਕਦਾ ਹੈ। ਕੇਂਦਰੀ ਜਲ ਕਮਿਸ਼ਨ ਦੀ ਤਾਜ਼ਾ ਰਿਪੋਰਟ ਦਰਸਾਉਂਦੀ ਹੈ ਕਿ ਦੇਸ਼ ਵਿਚ ਇਸ ਸਮੇਂ ਕੁਲ 63.232 ਬਿਲੀਅਨ ਘਣ ਮੀਟਰ ਪਾਣੀ ਉਪਲਬਧ ਹੈ, ਜੋ ਕਿ ਆਮ ਭੰਡਾਰ ਨਾਲੋਂ ਲਗਭਗ 24 ਪ੍ਰਤੀਸ਼ਤ ਵੱਧ ਹੈ। ਹਾਲਾਂਕਿ, 30 ਅਪ੍ਰੈਲ, 2026 ਤਕ ਦੇਸ਼ ਦੇ 166 ਜਲ ਭੰਡਾਰਾਂ ਵਿਚ ਕੁਲ 71.082 ਬਿਲੀਅਨ ਘਣ ਮੀਟਰ ਪਾਣੀ ਬਚਿਆ ਹੋਇਆ ਸੀ, ਜੋ ਉਨ੍ਹਾਂ ਦੀ ਕੁਲ ਸਮਰੱਥਾ ਦਾ 38.72 ਪ੍ਰਤੀਸ਼ਤ ਹੈ। 14 ਮਈ ਤਕ, ਇਹ ਅੰਕੜਾ ਘੱਟ ਕੇ 63.232 ਬਿਲੀਅਨ ਘਣ ਮੀਟਰ ਹੋ ਗਿਆ, ਯਾਨੀ ਕਿ ਜਲ ਭੰਡਾਰਾਂ ਦੀ ਸਮਰੱਥਾ ਦਾ ਸਿਰਫ਼ 34.45 ਪ੍ਰਤੀਸ਼ਤ ਰਹਿ ਗਿਆ। ਅੰਕੜਿਆਂ ਤੋਂ ਸਾਫ਼ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਿਰਫ਼ ਦੋ ਹਫ਼ਤਿਆਂ ਵਿਚ ਲਗਭਗ 8 ਬਿਲੀਅਨ ਘਣ ਮੀਟਰ ਪਾਣੀ ਖ਼ਤਮ ਹੋ ਗਿਆ ਹੈ। ਦਖਣੀ ਅਤੇ ਪੂਰਬੀ ਭਾਰਤ ਵਿਚ ਸਥਿਤੀ ਸੱਭ ਤੋਂ ਵੱਧ ਵਿਗੜਦੀ ਜਾਪਦੀ ਹੈ।

30 ਅਪ੍ਰੈਲ ਤਕ, ਰਿਪੋਰਟ ਵਿਚ ਦਸਿਆ ਗਿਆ ਸੀ ਕਿ ਦਖਣੀ ਭਾਰਤ ਦੇ 36 ਜਲ ਭੰਡਾਰਾਂ ਵਿਚ ਪਾਣੀ ਦਾ ਪੱਧਰ 40 ਪ੍ਰਤੀਸ਼ਤ ਤੋਂ ਘੱਟ ਸੀ। ਹੁਣ ਤਾਜ਼ਾ ਰਿਪੋਰਟ ਅਨੁਸਾਰ ਤਾਮਿਲਨਾਡੂ, ਕੇਰਲ, ਕਰਨਾਟਕ ਅਤੇ ਤੇਲੰਗਾਨਾ ਦੇ ਬਹੁਤ ਸਾਰੇ ਜਲ ਭੰਡਾਰ ਅਪਣੇ ਆਮ ਪੱਧਰ ਤੋਂ ਅੱਧੇ ਤੋਂ ਹੇਠਾਂ ਆ ਗਏ ਹਨ। ਤਾਮਿਲਨਾਡੂ ਦੇ ਵੈਗਾਈ ਜਲ ਭੰਡਾਰ ਵਿਚ ਇਸ ਦੇ ਆਮ ਭੰਡਾਰ ਦਾ ਸਿਰਫ਼ 12.47 ਪ੍ਰਤੀਸ਼ਤ ਹੈ, ਜਦੋਂ ਕਿ ਅਲੀਯਾਰ ਵਿਚ 21.25 ਪ੍ਰਤੀਸ਼ਤ ਹੈ ਅਤੇ ਕੇਰਲ ਦੇ ਪੇਰੀਆਰ ਵਿਚ 41.65 ਪ੍ਰਤੀਸ਼ਤ ਹੈ। ਕੁੱਝ ਜਲ ਭੰਡਾਰਾਂ ਵਿਚ ਸਥਿਤੀ ਜ਼ਿਆਦਾ ਵਿਗੜ ਗਈ ਹੈ। 30 ਅਪ੍ਰੈਲ ਦੀ ਰਿਪੋਰਟ ਵਿਚ ਸਿਰਫ਼



ਸਿਰਫ 19.31 ਪ੍ਰਤੀਸ਼ਤ ਪਾਣੀ ਹੀ ਬਚਿਆ ਹੈ। ਉਤਰ-ਪੂਰਬੀ ਭਾਰਤ ਵਿਚ ਬਰਾਕ ਬੇਸਿਨ ਸੱਭ ਤੋਂ ਕਮਜ਼ੋਰ ਬਣਿਆ ਹੋਇਆ ਹੈ। ਇਸ ਨੂੰ 30 ਅਪ੍ਰੈਲ ਦੀ ਰਿਪੋਰਟ ਵਿਚ ਸੱਭ ਤੋਂ ਕਮਜ਼ੋਰ ਬੇਸਿਨ ਵਜੋਂ ਸੂਚੀਬੱਧ ਕੀਤਾ ਗਿਆ ਸੀ ਅਤੇ ਪਾਣੀ ਦਾ ਪੱਧਰ ਅਜੇ ਵੀ ਆਮ ਨਾਲੋਂ 20 ਪ੍ਰਤੀਸ਼ਤ ਤੋਂ ਵੱਧ ਹੇਠਾਂ ਹੈ। ਬ੍ਰਾਹਮਣੀ-ਬੈਤਰਣੀ, ਕਾਵੇਰੀ ਅਤੇ ਮਹਾਨਦੀ-ਪੇਨਾਰ ਨਦੀਆਂ ਦੇ ਪੂਰਬੀ ਨਦੀ ਬੇਸਿਨ ਵੀ ਆਮ ਪੱਧਰ ਤੋਂ ਹੇਠਾਂ ਹਨ। ਤਾਜ਼ਾ ਅੰਕੜਿਆਂ ਮੁਤਾਬਕ ਦੇਸ਼ ਵਿਚ ਹੁਣ 13 ਵੱਡੇ ਜਲ ਭੰਡਾਰ ਹਨ ਜਿਥੇ ਪਾਣੀ ਦਾ ਪੱਧਰ ਆਮ ਭੰਡਾਰ ਦੇ 50 ਪ੍ਰਤੀਸ਼ਤ ਤੋਂ ਹੇਠਾਂ ਆ ਗਿਆ ਹੈ। ਜਦਕਿ 30 ਅਪ੍ਰੈਲ ਨੂੰ ਜਾਰੀ ਕੀਤੇ ਗਏ ਅੰਕੜਿਆਂ 'ਚ ਇਹ ਗਿਣਤੀ 9 ਸੀ। ਮਈ ਦੇ ਅੰਤ ਤਕ ਸਥਿਤੀ ਹੋਰ ਵੀ ਮੁਸ਼ਕਲ ਹੋ ਸਕਦੀ ਹੈ, ਖ਼ਾਸ ਕਰ ਕੇ ਉਨ੍ਹਾਂ ਰਾਜਾਂ ਵਿਚ ਜਿਥੇ ਜਲ ਭੰਡਾਰ ਪਹਿਲਾਂ ਹੀ ਅਪਣੇ ਆਮ ਪੱਧਰ ਤੋਂ ਅੱਧ ਤੋਂ ਹੇਠਾਂ ਪਹੁੰਚ ਗਏ ਹਨ।

ਨਦੀ ਬੇਸਿਨਾਂ ਵਿਚ ਵੀ ਸਥਿਤੀ ਤੇਜ਼ੀ ਨਾਲ ਵਿਗੜ ਰਹੀ ਹੈ। 30 ਅਪ੍ਰੈਲ ਦੀ ਰਿਪੋਰਟ ਵਿਚ ਗੰਗਾ ਬੇਸਿਨ ਲਗਭਗ 50 ਪ੍ਰਤੀਸ਼ਤ, ਗੋਦਾਵਰੀ 40 ਪ੍ਰਤੀਸ਼ਤ ਅਤੇ ਨਰਮਦਾ ਲਗਭਗ 39 ਪ੍ਰਤੀਸ਼ਤ ਦਿਖਾਇਆ ਗਿਆ ਸੀ। 14 ਮਈ ਦੀ ਰਿਪੋਰਟ ਹੁਣ ਗੰਗਾ ਬੇਸਿਨ ਦਾ ਭੰਡਾਰ 43.34 ਪ੍ਰਤੀਸ਼ਤ, ਗੋਦਾਵਰੀ 36.52 ਪ੍ਰਤੀਸ਼ਤ ਅਤੇ ਨਰਮਦਾ 34.96 ਪ੍ਰਤੀਸ਼ਤ ਦਿਖਾਉਂਦੀ ਹੈ। ਕ੍ਰਿਸ਼ਨਾ ਬੇਸਿਨ, ਜੋ ਪਹਿਲਾਂ ਹੀ ਕਮਜ਼ੋਰ ਸਥਿਤੀ ਵਿਚ ਹੈ, ਵਿਚ ਹੁਣ

ਚੰਦਨ ਡੈਮ ਨੂੰ ਸੁਕਾ ਦਸਿਆ ਗਿਆ ਸੀ, ਪਰ 14 ਮਈ ਦੀ ਰਿਪੋਰਟ ਵਿਚ ਬਿਹਾਰ ਦੇ ਚੰਦਨ ਡੈਮ, ਮਹਾਰਾਸ਼ਟਰ ਦੇ ਭੀਮਾ ਉਜੈਨੀ ਅਤੇ ਉੱਤਰ ਪ੍ਰਦੇਸ਼ ਦੇ ਮੌਦਾਹਾ ਜਲ
ਭੰਡਾਰਾਂ ਨੂੰ ਪੂਰੀ ਤਰ੍ਹਾਂ ਖ਼ਾਲੀ ਦਸਿਆ ਗਿਆ, ਜੋ ਕਿ ਜ਼ੀਰੋ ਪੱਧਰ 'ਤੇ ਪਹੁੰਚ ਗਏ ਸਨ। ਜਦਕਿ ਅਸਾਮ ਵਿਚ ਖਾਂਡੋਂਗ, ਕਰਨਾਟਕ ਵਿਚ ਤਾਟੀਹੱਲਾ, ਮੱਧ ਪ੍ਰਦੇਸ਼ ਵਿਚ ਰਾਜਘਾਟ ਅਤੇ ਉਤਰਾਖੰਡ ਵਿਚ ਟੀਹਰੀ ਵੀ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ।

## ਜੰਮੂ ਦੇ ਰਾਜੌਰੀ ਵਿੱਚ ਦੋ ਮੋਰਟਾਰ ਸ਼ੈੱਲ, ਹੈਂਡ ਗ੍ਰਨੇਡ ਬਰਾਮਦ

**ਰਾਜੌਰੀ/ਜੰਮੂ:** ਅਧਿਕਾਰੀਆਂ ਨੇ ਦੱਸਿਆ ਕਿ ਮੰਗਲਵਾਰ ਨੂੰ ਜੰਮੂ-ਕਸ਼ਮੀਰ ਦੇ ਰਾਜੌਰੀ ਅਤੇ ਜੰਮੂ ਜ਼ਿਲ੍ਹਿਆਂ ਵਿੱਚ ਤਿੰਨ ਥਾਵਾਂ 'ਤੇ ਦੋ ਮੋਰਟਾਰ ਸ਼ੈੱਲ ਅਤੇ ਇੱਕ ਹੈਂਡ ਗ੍ਰਨੇਡ ਲੱਭੇ ਗਏ ਅਤੇ ਨਕਾਰਾ ਕੀਤੇ ਗਏ। ਅਧਿਕਾਰੀਆਂ ਨੇ ਦੱਸਿਆ ਕਿ ਰਾਜੌਰੀ ਦੇ ਕੋਟਰਾਂਕਾ ਦੇ ਕੰਢੀ ਖੇਤਰ ਵਿੱਚ ਪਿੰਡ ਵਾਸੀਆਂ ਨੇ ਇੱਕ ਮੋਰਟਾਰ ਸ਼ੈੱਲ ਦੇਖਿਆ, ਜਿਸ ਤੋਂ ਬਾਅਦ ਪੁਲਿਸ ਨੂੰ ਸੂਚਿਤ ਕੀਤਾ ਗਿਆ ਅਤੇ ਇੱਕ ਟੀਮ ਮੌਕੇ 'ਤੇ ਪਹੁੰਚੀ ਅਤੇ ਇਲਾਕੇ ਨੂੰ ਘੇਰ ਲਿਆ। ਵਿਸਫੋਟਕ ਸ਼ੈੱਲ ਦੀ ਹੋਰ ਤਕਨੀਕੀ ਜਾਂਚ ਲਈ ਬੰਬ ਡਿਸਪੋਜ਼ਲ ਸਕੁਐਡ ਨੂੰ ਬੁਲਾਇਆ ਗਿਆ। ਅਧਿਕਾਰੀਆਂ ਨੇ ਕਿਹਾ ਕਿ ਸ਼ੈੱਲ ਨੂੰ ਬਾਅਦ ਵਿੱਚ ਮਿਆਰੀ ਸੁਰੱਖਿਆ ਪ੍ਰਕਿਰਿਆਵਾਂ ਦੀ ਪਾਲਣਾ ਕਰਦੇ ਹੋਏ ਸੁਰੱਖਿਅਤ ਢੰਗ ਨਾਲ ਨਸ਼ਟ ਕਰ ਦਿੱਤਾ ਗਿਆ। ਅਧਿਕਾਰੀਆਂ ਨੇ ਸਾਵਧਾਨੀ ਦੇ ਤੌਰ 'ਤੇ ਕਾਰਵਾਈ ਦੌਰਾਨ ਖੇਤਰ ਵਿੱਚ ਸਥਾਨਕ ਆਬਾਦੀ ਦੀ ਆਵਾਜਾਈ ਨੂੰ ਵੀ ਸੀਮਤ ਕਰ ਦਿੱਤਾ। ਇੱਕ ਹੋਰ ਘਟਨਾ ਵਿੱਚ, ਅਧਿਕਾਰੀਆਂ ਨੇ ਕਿਹਾ ਕਿ ਮੰਗਲਵਾਰ ਸ਼ਾਮ ਨੂੰ ਰਾਜੌਰੀ ਜ਼ਿਲ੍ਹੇ ਦੇ ਦਰਹਾਲ ਖੇਤਰ ਵਿੱਚ ਖੇਤੀਬਾੜੀ ਦੇ ਖੇਤਾਂ ਵਿੱਚ ਇੱਕ ਹੈਂਡ ਗ੍ਰਨੇਡ ਮਿਲਿਆ। ਸੂਚਨਾ ਮਿਲਣ ਤੋਂ ਬਾਅਦ, ਸੁਰੱਖਿਆ ਬਲਾਂ ਦੀ ਇੱਕ ਟੀਮ ਤੁਰੰਤ ਮੌਕੇ 'ਤੇ ਪਹੁੰਚ ਗਈ ਅਤੇ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਵਧਾਨੀ ਦੇ ਉਪਾਅ ਵਜੋਂ ਇਲਾਕੇ ਨੂੰ ਘੇਰ ਲਿਆ। ਅਧਿਕਾਰੀਆਂ ਨੇ ਕਿਹਾ ਕਿ ਗ੍ਰਨੇਡ ਨੂੰ ਬਾਅਦ ਵਿੱਚ ਸੁਰੱਖਿਆ ਬਲਾਂ ਦੁਆਰਾ ਇੱਕ ਨਿਯੰਤਰਿਤ ਵਿਧੀ ਰਾਹੀਂ ਬਿਨਾਂ ਕਿਸੇ ਨੁਕਸਾਨ ਜਾਂ ਸੱਟ ਦੇ ਸੁਰੱਖਿਅਤ ਢੰਗ ਨਾਲ ਨਸ਼ਟ ਕਰ ਦਿੱਤਾ ਗਿਆ। ਅਧਿਕਾਰੀਆਂ ਨੇ ਕਿਹਾ ਕਿ ਮੰਗਲਵਾਰ ਨੂੰ ਜੰਮੂ ਜ਼ਿਲ੍ਹੇ ਵਿੱਚ ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਸੁਚੇਤਗੜ੍ਹ ਖੇਤਰ ਵਿੱਚ ਇੱਕ ਖੇਤ ਵਿੱਚੋਂ ਇੱਕ ਪੁਰਾਣਾ ਜੰਗਾਲ ਲੱਗਿਆ ਮੋਰਟਾਰ ਸ਼ੈੱਲ ਬਰਾਮਦ ਕੀਤਾ ਗਿਆ, ਜਿਸ ਨਾਲ ਜਨਤਾ ਲਈ ਸੰਭਾਵੀ ਖ਼ਤਰੇ ਨੂੰ ਟਾਲਿਆ ਗਿਆ। ਅਧਿਕਾਰੀਆਂ ਨੇ ਕਿਹਾ ਕਿ ਬਾਅਦ ਵਿੱਚ ਬਿਨਾਂ ਕਿਸੇ ਨੁਕਸਾਨ ਦੇ ਸ਼ੈੱਲ ਨੂੰ ਸੁਰੱਖਿਅਤ ਢੰਗ ਨਾਲ ਨਕਾਰਾ ਕਰ ਦਿੱਤਾ ਗਿਆ।


## CHANGE OF NAME

I, **Avinash** S/O Mr Subhash Chand whose permanent address in India 322 Mori Moh, Sultanpur Lodhi, Dist. Kapurthala, PIN: 144626 Punjab, India, and is now living at 46 Queen Street, Flat No 2, Bilston, WV14 7EX, UK hereby gives notice of my intention to change my name to **Avinash Dhir** subject to the approval of The High Commission of India, London.

## CHANGE OF NAME

I, **Robin** S/O Mr Samson whose permanent address in India is H.no 13, B Block, Ambey Velly, Satiye wala, Ferozepur, PIN 152004, Punjab, India, and is now living at 75 Locking Road, Weston- super- mare, BS23 3DW, UK hereby gives notice of my intention to change my name to **Robin Samson** subject to the approval of The High Commission of India, London.


## ਪੈਟਰੌਲ ਅਤੇ ਡੀਜ਼ਲ ਦੀਆਂ ਕੀਮਤਾਂ 'ਚ ਫਿਰ ਹੋਇਆ ਵਾਧਾ



**ਨਵੀਂ ਦਿੱਲੀ :** ਮੰਗਲਵਾਰ ਨੂੰ ਦੇਸ਼ ਭਰ ਵਿੱਚ ਪੈਟਰੌਲ ਦੀਆਂ ਕੀਮਤਾਂ 'ਚ 86 ਪੈਸੇ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ 83 ਪੈਸੇ ਪ੍ਰਤੀ ਲੀਟਰ ਦਾ ਵਾਧਾ ਕੀਤਾ ਗਿਆ। ਇਹ ਇੱਕ ਹਫ਼ਤੇ ਤੋਂ ਵੀ ਘੱਟ ਸਮੇਂ ਵਿੱਚ ਪੈਟਰੌਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਇਹ ਦੂਜਾ ਵਾਧਾ ਹੈ। ਪਿਛਲਾ ਵਾਧਾ ਸ਼ੁੱਕਰਵਾਰ 15 ਮਈ ਨੂੰ 3 ਰੁਪਏ ਪ੍ਰਤੀ ਲੀਟਰ ਦਾ ਕੀਤਾ ਗਿਆ ਸੀ। ਨਵੇਂ ਵਾਧੇ ਨਾਲ ਦਿੱਲੀ 'ਚ ਪੈਟਰੌਲ ਦੀ ਨਵੀਂ ਕੀਮਤ 98.64 ਪ੍ਰਤੀ ਲੀਟਰ, ਮੁੰਬਈ 'ਚ 107.59, ਕੋਲਕਾਤਾ 'ਚ 109.70 ਅਤੇ ਚੇਨਈ 104.49 ਪ੍ਰਤੀ ਲੀਟਰ 'ਤੇ ਪਹੁੰਚ ਗਈ ਹੈ। ਇਸੇ ਤਰ੍ਹਾਂ ਡੀਜ਼ਲ ਦੀਆਂ ਨਵੀਆਂ ਕੀਮਤਾਂ ਦਿੱਲੀ 'ਚ 91.58 ਪ੍ਰਤੀ ਲੀਟਰ, ਮੁੰਬਈ 'ਚ 94.08, ਕੋਲਕਾਤਾ 'ਚ 96.08 ਅਤੇ ਚੇਨਈ 'ਚ 86.11 ਪ੍ਰਤੀ ਲੀਟਰ 'ਤੇ ਪਹੁੰਚ ਗਈ ਹੈ। ਇਸ ਵਾਧੇ ਦਾ ਮੁੱਖ ਕਾਰਨ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਉਤਰਾਅ-ਚੜ੍ਹਾਅ ਹੈ। ਈਰਾਨ ਅਤੇ ਅਮਰੀਕਾ ਵਿਚਕਾਰ ਜੰਗ ਤੋਂ ਪਹਿਲਾਂ ਕੱਚੇ ਤੇਲ ਦੀਆਂ ਕੀਮਤਾਂ 70 ਡਾਲਰ ਪ੍ਰਤੀ ਬੈਰਲ ਸਨ, ਜੋ ਹੁਣ 100 ਡਾਲਰ ਪ੍ਰਤੀ ਬੈਰਲ ਤੋਂ ਵੱਧ ਹੋ ਗਈਆਂ ਹਨ। ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਕਾਰਨ ਤੇਲ ਕੰਪਨੀਆਂ ਦਬਾਅ ਹੇਠ ਸਨ। ਇਸ ਲਈ, ਕੰਪਨੀਆਂ ਨੇ ਆਪਣੇ ਨੁਕਸਾਨ ਨੂੰ ਪੂਰਾ ਕਰਨ ਲਈ ਇਹ ਕਦਮ ਚੁੱਕਿਆ ਹੈ। ਜੇਕਰ ਕੱਚੇ ਤੇਲ ਦੀਆਂ ਕੀਮਤਾਂ ਲੰਬੇ ਸਮੇਂ ਤੱਕ ਉੱਚੀਆਂ ਰਹਿੰਦੀਆਂ ਹਨ, ਤਾਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਹੋਰ ਵਧ ਸਕਦੀਆਂ ਹਨ।

## ਅਹਿਮਦਾਬਾਦ ਏਅਰ ਇੰਡੀਆ ਹਾਦਸਾ, ਕੈਪਟਨ ਸਭਰਵਾਲ ਨੇ ਆਖਰੀ ਪਲਾਂ ਤਕ ਜਾਨਾਂ ਬਚਾਉਣ ਦੀ ਕੀਤੀ ਕੋਸ਼ਿਸ਼



**ਨਵੀਂ ਦਿੱਲੀ:** ਏਅਰ ਇੰਡੀਆ ਏ.ਆਈ.-171 ਹਾਦਸੇ ਦੇ ਆਖਰੀ ਪਲਾਂ ਦੌਰਾਨ ਕਾਕਪਿਟ ਕਰੂ (ਪਾਇਲਟਾਂ) ਦੀਆਂ ਗਤੀਵਿਧੀਆਂ ਉਤੇ ਤਿੱਖਾ ਧਿਆਨ ਕੇਂਦਰਿਤ ਕਰਦੇ ਹੋਏ, ਫੈਡਰੇਸ਼ਨ ਆਫ ਇੰਡੀਅਨ ਪਾਇਲਟਸ (ਐਫ਼.ਆਈ.ਪੀ.) ਨੇ ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ (ਏ.ਏ.ਆਈ.ਬੀ.) ਉਤੇ ਕਾਕਪਿਟ ਦੇ ਮਹੱਤਵਪੂਰਨ ਵੇਰਵਿਆਂ ਨੂੰ ਛੁਪਾਉਣ ਦਾ ਦੋਸ਼ ਲਗਾਇਆ ਹੈ। ਪਾਇਲਟਾਂ ਦੀ ਸੰਸਥਾ ਅਨੁਸਾਰ, ਇਹ ਵੇਰਵੇ ਸੰਕੇਤ ਦਿੰਦੇ ਹਨ ਕਿ ਕਪਤਾਨ ਸੁਮੀਤ ਸਭਰਵਾਲ ਨੇ ਐਮਰਜੈਂਸੀ ਦੌਰਾਨ ਜਹਾਜ਼ ਦਾ ਕੰਟਰੋਲ ਅਪਣੇ ਹੱਥਾਂ ਵਿਚ ਲੈ ਲਿਆ ਸੀ ਅਤੇ ਟਕਰਾਉਣ ਤੋਂ ਪਹਿਲਾਂ ਇਸ ਨੂੰ ਇਮਾਰਤਾਂ ਤੋਂ ਦੂਰ ਲੈ ਜਾਣ ਦੀ ਕੋਸ਼ਿਸ਼ ਕੀਤੀ ਹੋ ਸਕਦੀ ਹੈ।

ਮੰਗਲਵਾਰ ਨੂੰ ਨਾਗਰਿਕ ਉਡਾਣ ਮੰਤਰਾਲੇ, ਏ.ਏ.ਆਈ.ਬੀ. ਅਤੇ ਸਿਵਲ ਐਵੀਏਸ਼ਨ ਡਾਇਰੈਕਟੋਰੇਟ ਜਨਰਲ (ਡੀ.ਜੀ.ਸੀ.ਏ.) ਨੂੰ ਭੇਜੀ ਗਈ ਇਕ ਚਿੱਠੀ 'ਚ, ਐਫ਼.ਆਈ.ਪੀ. ਦੇ ਪ੍ਰਧਾਨ ਕਪਤਾਨ ਸੀ.ਐਸ. ਰੰਧਾਵਾ ਨੇ ਦਾਅਵਾ ਕੀਤਾ ਕਿ ਕਪਤਾਨ ਸਭਰਵਾਲ ਦੀ ਮ੍ਰਿਤਕ ਦੇਹ ਨਾਲ ਜੁੜੇ ਭੌਤਿਕ ਸਬੂਤਾਂ ਅਤੇ ਕਾਕਪਿਟ ਦੇ ਮਿਆਰੀ ਐਮਰਜੈਂਸੀ ਪ੍ਰੋਟੋਕੋਲ ਨੇ ਇਸ ਗੱਲ ਉਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ ਕਿ ਸ਼ੁਰੂਆਤੀ ਹਾਦਸੇ ਦੀ ਰੀਪੋਰਟ ਵਿਚ ਕਾਕਪਿਟ ਦੇ ਅੰਦਰ ਕੰਟਰੋਲ ਬਦਲਣ (ਇਕ ਪਾਇਲਟ ਤੋਂ ਦੂਜੇ ਪਾਇਲਟ ਕੋਲ ਕੰਟਰੋਲ ਜਾਣ) ਦੇ ਕਿਸੇ ਵੀ ਹਵਾਲੇ ਨੂੰ ਕਥਿਤ ਤੌਰ ਉਤੇ ਕਿਉਂ ਛੱਡ ਦਿਤਾ ਗਿਆ।

ਇਕ ਮ੍ਰਿਤਕ ਮੁਸਾਫ਼ਰ ਦੇ ਰਿਸ਼ਤੇਦਾਰ ਦੇ ਹਵਾਲੇ ਨਾਲ ਚਿੱਠੀ ਵਿਚ ਲਿਖਿਆ ਗਿਆ ਕਿ, ''ਉਸ ਨੇ ਵੇਖਿਆ ਕਿ ਕੈਪਟਨ ਦੀ ਲਾਸ਼ ਦਾ ਪਿਛਲਾ ਹਿੱਸਾ ਸੜ ਗਿਆ ਸੀ; ਪਰ ਸਰੀਰ ਦਾ ਅਗਲਾ ਹਿੱਸਾ ਬਿਲਕੁਲ ਠੀਕ ਸੀ ਅਤੇ ਜਹਾਜ਼ ਦਾ ਯੋਕ (ਕੰਟਰੋਲ ਵ੍ਹੀਲ) ਉਨ੍ਹਾਂ ਦੇ ਹੱਥ ਵਿਚ ਸੀ। ਇਹ ਸਾਫ਼ ਦਰਸਾਉਂਦਾ ਹੈ ਕਿ ਸਹੀ ਪ੍ਰੋਟੋਕੋਲ ਦੀ ਪਾਲਣਾ ਕੀਤੀ ਗਈ ਸੀ।''

ਪਾਇਲਟਾਂ ਦੀ ਸੰਸਥਾ ਮੁਤਾਬਕ ਕੈਪਟਨ ਸਭਰਵਾਲ ਸ਼ਾਇਦ ਜਹਾਜ਼ ਨੂੰ ਇਮਾਰਤਾਂ ਤੋਂ ਦੂਰ ਲੈ ਜਾਣ ਦੀ ਕੋਸ਼ਿਸ਼ ਕਰ ਰਹੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਰੀਪੋਰਟ ਵਿਚ ਕਾਕਪਿਟ ਵੌਇਸ ਰੀਕਾਰਡਰ (ਸੀ.ਵੀ.ਆਰ.) ਦੀ ਜਾਣਕਾਰੀ ਨੂੰ ਜਾਣਬੁਝ ਕੇ ਛਡਿਆ ਗਿਆ ਹੈ, ਜੋ ਕਿ ਬੇਹੱਦ ਹੈਰਾਨੀਜਨਕ ਹੈ।


Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਈਡੀ ਨੇ ਆਪ ਨੇਤਾ ਦੀਪਕ ਸਿੰਗਲਾ ਦਾ ਟਰਾਂਜ਼ਿਟ ਰਿਮਾਂਡ ਦਿੱਤਾ

**ਓਰੀਐਂਟਲ ਬੈਂਕ ਆਫ ਕਾਮਰਸ ਨਾਲ ਜੁੜੇ 150 ਕਰੋੜ ਰੁਪਏ ਦੇ ਕਰਜ਼ਾ ਘੁਟਾਲੇ ਅਤੇ ਮਨੀ ਲਾਂਡਰਿੰਗ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।**



**ਨਵੀਂ ਦਿੱਲੀ:** ਦਿੱਲੀ ਦੀ ਇੱਕ ਅਦਾਲਤ ਨੇ ਸੋਮਵਾਰ ਨੂੰ ਓਰੀਐਂਟਲ ਬੈਂਕ ਆਫ ਕਾਮਰਸ ਨਾਲ ਜੁੜੇ 150 ਕਰੋੜ ਰੁਪਏ ਦੇ ਕਰਜ਼ਾ ਘੁਟਾਲੇ ਅਤੇ ਮਨੀ ਲਾਂਡਰਿੰਗ ਮਾਮਲੇ ਵਿੱਚ ਗ੍ਰਿਫ਼ਤਾਰ ਆਮ ਆਦਮੀ ਪਾਰਟੀ (ਆਪ) ਦੇ ਨੇਤਾ ਦੀਪਕ ਸਿੰਗਲਾ ਦਾ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਟਰਾਂਜ਼ਿਟ ਰਿਮਾਂਡ ਹਰਿਆਣਾ ਦੇ ਪੰਚਕੂਲਾ ਜ਼ਿਲ੍ਹੇ ਦੀ ਇੱਕ ਅਦਾਲਤ ਨੂੰ ਦਿੱਤਾ। ਰਾਤ 10:30 ਵਜੇ ਦੇ ਕਰੀਬ ਦਿੱਤੇ ਗਏ ਇੱਕ ਆਦੇਸ਼ ਵਿੱਚ, ਵਿਸ਼ੇਸ਼ ਜੱਜ ਸੁਸ਼ਾਂਤ ਚੰਗੋਤਰਾ ਨੇ ਈਡੀ ਨੂੰ ਸਿੰਗਲਾ ਨੂੰ ਮੰਗਲਵਾਰ ਦੁਪਹਿਰ 2 ਵਜੇ ਤੱਕ ਅਦਾਲਤ ਵਿੱਚ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ। ਸੁਣਵਾਈ ਦੌਰਾਨ, ਈਡੀ ਨੇ ਸਿੰਗਲਾ ਲਈ ਇੱਕ ਦਿਨ ਦੇ ਟਰਾਂਜ਼ਿਟ ਰਿਮਾਂਡ ਦੀ ਬੇਨਤੀ ਕੀਤੀ ਸੀ। ਸਿੰਗਲਾ ਨੂੰ ਸੋਮਵਾਰ ਨੂੰ ਓਰੀਐਂਟਲ ਬੈਂਕ ਆਫ ਕਾਮਰਸ ਨਾਲ ਜੁੜੇ 150 ਕਰੋੜ ਰੁਪਏ ਦੇ ਕਰਜ਼ਾ ਘੁਟਾਲੇ ਅਤੇ ਮਨੀ ਲਾਂਡਰਿੰਗ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਲਾਹੌਰ 'ਚ ਮੁੜ ਬਹਾਲ ਹੋਣਗੇ ਹਿੰਦੂ ਅਤੇ ਸਿੱਖ ਕਾਲ ਦੇ ਪੁਰਾਣੇ ਨਾਮ; ਲਹਿੰਦੇ ਪੰਜਾਬ ਦੀ ਸਰਕਾਰ ਦਾ ਵੱਡਾ ਫੈਸਲਾ

**ਨਵੀਂ ਦਿਲੀ।** 1947 ਦੀ ਵੰਡ ਮਗਰੋਂ ਜਿਨ੍ਹਾਂ ਸੜਕਾਂ, ਪ੍ਰਮੁੱਖ ਚੌਂਕਾਂ ਅਤੇ ਇਲਾਕਿਆਂ ਦੇ ਨਾਮ ਬਦਲ ਦਿੱਤੇ ਗਏ ਸਨ, ਉਨ੍ਹਾਂ ਨੂੰ ਮੁੜ ਪੁਰਾਣੇ ਰੂਪ 'ਚ ਬਹਾਲ ਕੀਤਾ ਜਾ ਰਿਹੈ

ਪਾਕਿਸਤਾਨ ਦੀ ਸੱਭਿਆਚਾਰਕ ਰਾਜਧਾਨੀ ਲਾਹੌਰ ਤੋਂ ਇੱਕ ਬਹੁਤ ਹੀ ਇਤਿਹਾਸਕ ਅਤੇ ਅਹਿਮ ਖ਼ਬਰ ਸਾਹਮਣੇ ਆਈ ਹੈ। ਸਾਲ 1947 ਦੀ ਵੰਡ ਤੋਂ ਬਾਅਦ ਜਿਨ੍ਹਾਂ ਸੜਕਾਂ, ਪ੍ਰਮੁੱਖ ਚੌਂਕਾਂ ਅਤੇ ਇਲਾਕਿਆਂ ਦੇ ਨਾਮ ਬਦਲ ਦਿੱਤੇ ਗਏ ਸਨ, ਉਨ੍ਹਾਂ ਨੂੰ ਹੁਣ ਮੁੜ ਉਨ੍ਹਾਂ ਦੇ ਪੁਰਾਣੇ ਰੂਪ ਵਿੱਚ ਬਹਾਲ ਕੀਤਾ ਜਾ ਰਿਹਾ ਹੈ। ਲਹਿੰਦੇ ਪੰਜਾਬ ਦੀ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ 50 ਅਰਬ ਰੁਪਏ ਦੇ ਇੱਕ ਵਿਸ਼ੇਸ਼ ਵਿਰਾਸਤੀ ਪ੍ਰੋਜੈਕਟ ਤਹਿਤ ਲਾਹੌਰ ਸ਼ਹਿਰ ਆਪਣੇ ਹਿੰਦੂ, ਸਿੱਖ, ਜੈਨ ਅਤੇ ਬਸਤੀਵਾਦੀ ਅਤੀਤ ਨੂੰ ਮੁੜ ਜਨਤਕ ਤੌਰ 'ਤੇ ਗਲੇ ਲਗਾ ਰਿਹਾ ਹੈ।

ਇਸ ਵੱਡੀ ਮੁਹਿੰਮ ਦੇ ਤਹਿਤ 'ਕ੍ਰਿਸ਼ਨ ਨਗਰ', 'ਲਕਸ਼ਮੀ ਚੌਂਕ' ਅਤੇ 'ਜੈਨ ਮੰਦਰ ਚੌਂਕ' ਵਰਗੇ ਪ੍ਰਮੁੱਖ ਅਤੇ ਇਤਿਹਾਸਕ ਸਥਾਨਾਂ ਦੇ ਪੁਰਾਣੇ ਨਾਮ ਅਧਿਕਾਰਤ ਤੌਰ 'ਤੇ ਵਾਪਸ ਲਿਆਂਦੇ ਜਾ ਰਹੇ ਹਨ। ਰਿਪੋਰਟਾਂ ਮੁਤਾਬਕ, ਇਸ ਸ਼ਲਾਘਾਯੋਗ ਕਦਮ ਦੇ ਪਿੱਛੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਵੱਡੀ ਸੋਚ ਅਤੇ ਪ੍ਰੇਰਨਾ ਹੈ। ਉਹ ਲੰਬੇ ਸਮੇਂ ਤੋਂ ਇਹ ਕਹਿੰਦੇ ਆ ਰਹੇ ਹਨ ਕਿ ''ਲਾਹੌਰ ਦੀ ਇਤਿਹਾਸਕ ਪਛਾਣ ਨੂੰ ਮਿਟਾਇਆ ਨਹੀਂ ਜਾਣਾ ਚਾਹੀਦਾ।''

ਇਸ ਮੁਹਿੰਮ ਹੇਠ ਇਸਲਾਮਪੁਰਾ ਨੂੰ ਫਿਰ ਤੋਂ ਕ੍ਰਿਸ਼ਨ ਨਗਰ ਕਿਹਾ ਜਾਵੇਗਾ। ਉੱਥੇ ਹੀ




ਬਾਬਰੀ ਮਸਜਿਦ ਚੌਂਕ ਦਾ ਨਾਮ ਬਦਲ ਕੇ ਜੈਨ ਮੰਦਰ ਚੌਂਕ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸੁੰਨਤ ਨਗਰ ਹੁਣ ਸੰਤ ਨਗਰ ਅਤੇ ਮੁਸਤਫ਼ਾਬਾਦ ਫਿਰ ਤੋਂ ਧਰਮਪੁਰਾ ਕਹਾਏਗਾ। ਦੱਸਿਆ ਜਾ ਰਿਹਾ ਹੈ ਕਿ ਪਿਛਲੇ ਦੋ ਮਹੀਨਿਆਂ ਵਿੱਚ ਅਜਿਹੇ ਕਈ ਨਵੇਂ ਸਾਈਨਬੋਰਡ ਵੀ ਲਗਾਏ ਗਏ ਹਨ।ਇਸ ਵਿਸ਼ਾਲ ਪ੍ਰੋਜੈਕਟ ਦੇ ਤਹਿਤ ਸਿਰਫ਼ ਨਾਮ ਹੀ ਨਹੀਂ ਬਦਲੇ ਜਾਣਗੇ, ਬਲਕਿ ਸ਼ਹਿਰ ਵਿੱਚ ਮੌਜੂਦ ਪੁਰਾਤਨ ਮੰਦਰਾਂ ਅਤੇ ਹੋਰ ਇਤਿਹਾਸਕ ਸਥਾਨਾਂ ਦੀ ਸੰਭਾਲ ਤੇ ਮੁਰੰਮਤ ਵੀ ਕੀਤੀ ਜਾਵੇਗੀ। ਵੰਡ ਤੋਂ ਬਾਅਦ ਲਾਹੌਰ ਦੀ ਜਨਤਕ ਯਾਦਦਾਸ਼ਤ ਨੂੰ ਬਦਲਣ ਲਈ ਕਈ ਪੁਰਾਣੇ ਨਾਮਾਂ ਦੀ ਥਾਂ ਇਸਲਾਮੀ ਜਾਂ ਰਾਸ਼ਟਰਵਾਦੀ ਵਿਕਲਪ ਰੱਖ ਦਿੱਤੇ ਗਏ ਸਨ, ਪਰ ਹੁਣ ਇਹ ਨਵਾਂ ਬਦਲਾਅ ਸ਼ਹਿਰ ਦੇ ਸਾਂਝੇ ਸੱਭਿਆਚਾਰਕ ਇਤਿਹਾਸ ਨੂੰ ਮੁੜ ਸੁਰਜੀਤ ਕਰੇਗਾ।

## ਦੋਸਤਾਂ ਨਾਲ ਹਿਮਾਚਲ ਘੁੰਮਣ ਗਏ 17 ਸਾਲ ਦੇ ਨੌਜਵਾਨ ਦੀ ਪਾਣੀ 'ਚ ਡੁੱਬਣ ਨਾਲ ਮੌਤ

### ਫਗਵਾੜਾ ਦਾ ਰਹਿਣ ਵਾਲਾ ਸੀ ਨੌਜਵਾਨ



**ਫਗਵਾੜਾ:** ਫਗਵਾੜਾ ਸ਼ਹਿਰ ਤੋਂ ਇੱਕ ਬਹੁਤ ਹੀ ਦੁਖਦਾਈ ਅਤੇ ਮੰਦਭਾਗੀ ਖਬਰ ਸਾਹਮਣੇ ਆਈ ਹੈ। ਫਗਵਾੜਾ ਦੇ ਮੁਹੱਲਾ ਭਗਤਪੁਰਾ ਦੇ ਰਹਿਣ ਵਾਲੇ ਇੱਕ 17 ਸਾਲਾ ਨੌਜਵਾਨ ਦੀ ਪਾਣੀ ਵਿੱਚ ਡੁੱਬਣ ਨਾਲ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦਾ ਲੜਕਾ ਵਿਸ਼ਾਲ ਬੀਤੀ ਰਾਤ ਆਪਣੇ ਦੋਸਤਾਂ ਦੇ ਨਾਲ ਹਿਮਾਚਲ ਮਹਾਦੇਵ ਕਲੇਸ਼ਵਰ ਸਥਾਨ ਤੇ ਗਿਆ ਸੀ ਅਤੇ ਉਸਨੇ ਅੱਜ ਸਵੇਰੇ ਹੀ ਹਿਮਾਚਲ ਤੋਂ ਸੋਸ਼ਲ ਮੀਡੀਆ ਤੇ ਆਪਣੀ ਸਟੋਰੀ ਵੀ ਸਾਂਝੀ ਕੀਤੀ ਸੀ ਜਿਸ ਵਿੱਚ ਸਭ ਕੁਝ ਠੀਕ ਹੋਣ ਦਾ ਅਹਿਸਾਸ ਹੋ ਰਿਹਾ ਸੀ। ਪਰ ਪਰਿਵਾਰ ਨੂੰ ਉਸ ਸਮੇਂ ਵੱਡਾ ਸਦਮਾ ਲੱਗਾ ਜਦੋਂ ਕੁਝ ਹੀ ਸਮੇਂ ਬਾਅਦ ਪਰਿਵਾਰ ਨੂੰ ਹਿਮਾਚਲ ਪੁਲਿਸ ਵੱਲੋਂ ਫੋਨ ਆਉਂਦਾ ਹੈ ਕਿ ਉਹਨਾਂ ਦੇ ਪੁੱਤਰ ਵਿਸ਼ਾਲ ਦੀ ਪਾਣੀ ਵਿੱਚ ਡੁੱਬਣ ਕਾਰਨ ਮੌਤ ਹੋ ਗਈ। ਖਬਰ ਸੁਣਦੇ ਹੀ ਪਰਿਵਾਰ ਵਿੱਚ ਸੋਗ ਦੀ ਲਹਿਰ ਦੌੜ ਗਈ ਅਤੇ ਘਰ ਦਾ ਮਾਹੌਲ ਗਮਗੀਨ ਹੋ ਗਿਆ ਪੁਲਿਸ ਮੁਤਾਬਿਕ ਇਹ ਹਾਦਸਾ ਕਿਵੇਂ ਵਾਪਰਿਆ ਇਸ ਬਾਰੇ ਹਜੇ ਤੱਕ ਸਪਸ਼ਟ ਜਾਣਕਾਰੀ ਅਜੇ ਸਾਹਮਣੇ ਨਹੀਂ ਆਈ ਪਰ ਹਿਮਾਚਲ ਪੁਲਿਸ ਵੱਲੋਂ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਪਰਿਵਾਰ ਦਾ ਇਹ ਵੀ ਕਹਿਣਾ ਹੈ ਕਿ ਵਿਸ਼ਾਲ ਦੇ ਨਾਲ ਗਏ ਸਾਥੀਆਂ ਨਾਲ ਸੰਪਰਕ ਨਹੀਂ ਹੋ ਰਿਹਾ। ਪਰਿਵਾਰ ਪ੍ਰਸ਼ਾਸਨ ਪਾਸੋਂ ਇਹ ਘਟਨਾ ਨੂੰ ਲੈ ਕੇ ਗਹਿਰਾਈ ਨਾਲ ਜਾਂਚ ਦੀ ਮੰਗ ਕਰ ਰਹੇ ਹਨ।

SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਗੰਦਗੀ ਤੋਂ ਦੁਖੀ ਸ਼ਹਿਰ ਵਾਸੀ ਨਗਰ ਕੌਂਸਲ ਚੋਣਾਂ 'ਚ ਆਪ ਉਮੀਦਵਾਰਾਂ ਨੂੰ ਨਕਾਰਨਗੇ: ਸੁਰਿੰਦਰ ਸਿੰਘ ਹਰੀਪੁਰ







**ਸਫਾਈ ਸੇਵਕਾਂ ਦੀ ਹੜਤਾਲ ਵਿੱਚ ਸ਼ਮੂਲੀਅਤ ਕਰਦੇ ਹੋਏ ਸੁਰਿੰਦਰ ਸਿੰਘ ਹਰੀਪੁਰ**

**ਰੂਪਨਗਰ, 19 ਮਈ(ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਯੂਥ ਕਾਂਗਰਸ ਰੂਪਨਗਰ ਦੇ ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਹਰੀਪੁਰ ਨੇ ਕਿਹਾ ਕਿ ਰੂਪਨਗਰ ਸ਼ਹਿਰ ਵਿੱਚ ਸਫਾਈ ਕਰਮਚਾਰੀਆਂ ਦੀ ਹੜਤਾਲ ਕਾਰਨ ਸ਼ਹਿਰ ਦਾ ਬੁਰਾ ਹਾਲ ਹੈ ਅਤੇ ਥਾਂ ਥਾਂ ਗੰਦਗੀ ਦੇ ਢੇਰ ਲੱਗੇ ਪਏ ਹਨ, ਜਿਸ ਕਰਕੇ ਵਿਕਾਸ ਦੇ ਨਾਮ ਤੇ ਵੋਟਾਂ ਮੰਗ ਰਹੇ ਆਪ ਪਾਰਟੀ ਦੇ ਉਮੀਦਵਾਰਾਂ ਨੂੰ ਸ਼ਹਿਰਵਾਸੀ ਬੁਰੀ ਤਰ੍ਹਾਂ ਨਕਾਰ ਦੇਣਗੇ। ਅੱਜ ਇੱਥੇ ਸਫਾਈ ਸੇਵਕਾਂ ਦੇ ਚੱਲ ਰਹੇ ਧਰਨੇ ਦੌਰਾਨ ਸ਼ਮੂਲੀਅਤ ਕਰਦਿਆਂ ਹੋਇਆਂ ਸ਼੍ਰੀ ਹਰੀਪੁਰ ਨੇ ਕਿਹਾ ਕਿ ਜਿਸ ਤਰ੍ਹਾਂ ਲੰਬੇ ਸਮੇਂ ਤੋਂ ਆਪਣੀਆਂ ਸਮੱਸਿਆਵਾਂ ਦਾ ਹੱਲ ਨਾ ਨਿਕਲਣ ਕਾਰਨ ਸਫਾਈ ਸੇਵਕਾਂ ਨੇ ਦੁਖੀ ਹੋ ਕੇ ਨਗਰ ਕੌਂਸਲ ਦੀਆਂ ਚੋਣਾਂ ਦੌਰਾਨ ਹੜਤਾਲ ਕਰਕੇ ਆਪ ਉਮੀਦਵਾਰਾਂ ਦੀ ਜਿੱਤ ਦੀਆਂ ਸੰਭਾਵਨਾਵਾਂ ਘਟਾ ਦਿੱਤੀਆਂ ਹਨ, ਉਸੇ ਤਰ੍ਹਾਂ ਹੀ ਸੂਬੇ ਦੇ ਹੋਰ ਵੱਖ ਵੱਖ ਵਰਗਾਂ ਦੇ ਆਪ ਸਰਕਾਰ ਤੋਂ ਦੁਖੀ ਹੋਏ ਲੋਕ 2027 ਦੀਆਂ ਚੋਣਾਂ ਦੌਰਾਨ ਇਸੇ ਤਰ੍ਹਾਂ ਦਾ ਰਸਤਾ ਅਪਣਾਉਂਦੇ ਹੋਏ ਆਪ ਉਮੀਦਵਾਰਾਂ ਨੂੰ ਬੁਰੀ ਤਰ੍ਹਾਂ ਹਰਾਉਣ ਵਿੱਚ ਵੱਡੀ ਭੂਮਿਕਾ ਨਿਭਾਉਣਗੇ। ਉਨ੍ਹਾਂ ਸਫਾਈ ਕਰਮਚਾਰੀਆਂ ਨੂੰ ਭਰੋਸਾ ਦਿੱਤਾ ਕਿ ਕਾਂਗਰਸ ਸਰਕਾਰ ਬਣਨ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਵੇਗਾ।

# ਕਬੂਤਰ ਬਾਜੀ 12 ਵਾਂ ਮੁਕਾਬਲਾ ਕਰਵਾਇਆ ਜਾਵੇਗਾ ਪਿੰਡ ਬੁਲੰਦਾ ( ਮਹਿਤਪੁਰ ਤੋਂ ਸ਼ਾਹਕੋਟ ਰੋਡ) ਜ਼ਿਲਾ ਜਲੰਧਰ ਵਿਖੇ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਪ੍ਰਦੀਪ ਚੁੰਬਰ ਅਤੇ ਭਿੰਦਾ ਪਨੂੰ ਨੇ ਦਸਿਆ ਕਿ ਹਰ ਸਾਲ ਦੀ ਤਰ੍ਹਾ ਇਸ ਸਾਲ ਵੀ ਸਲਾਨਾ ਜੋੜ ਮੇਲਾ ਕਬੂਤਰ ਬਾਜੀ ਪਿੰਡ ਬੁਲੰਦਾ ਤਹਿ ਨਕੋਦਰ ਜਲੰਧਰ ਵਿਖੇ ਮਿਤੀ 24 ਮਈ 2026 ਦਿਨ ਐਤਵਾਰ ਨੂੰ ਕਰਵਾਇਆ ਜਾਏਗਾ। ਤੁਸੀਂ ਵੀ ਸਾਰੇ ਜਣੇ ਆਪਣਾ ਟਾਈਮ ਕਢਕੇ ਮੇਲੇ ਵਿਚ ਪਹੁੰਚੋ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਸਾਡੇ ਸੱਭਿਆਚਾਰ ਬਾਰੇ ਪਤਾ ਲੱਗ ਸਕੇ। ਮੁਕਾਬਲੇ ਵਿੱਚ ਪਹਿਲਾ ਇਨਾਮ ਜਿੱਤਣ ਵਾਲੇ ਨੂੰ ਕਮੇਟੀ ਵਲੋ ਕੂਲਰ ਇਨਾਮ ਵਜੋ ਦਿੱਤਾ ਜਾਵੇਗਾ । ਦੂਜਾ ਇਨਾਮ ਪੱਖਾ ਸਟੈਂਡ ਵਾਲਾ ਰੱਖਿਆ ਗਿਆ ਅਤੇ ਤੀਜਾ ਇਨਾਮ ਕੱਪ ਰੱਖਿਆ ਗਿਆ ਹੈ । ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ ਪਰਦੀਪ (97792-11939) ਅਤੇ ਭਿੰਦਾ ਪਨੂੰ (85273-76021) । ਪ੍ਰਦੀਪ ਚੁੰਬਰ ਨੇ ਸਹਿਯੋਗ ਦੇਣ ਲਈ




ਵੀਰਾਂ ਅਤੇ ਆਏ ਹੋਏ ਪੱਤਰਕਾਰਾਂ ਦਾ ਕੀਤਾ ਧੰਨਵਾਦ।

for more news visit:
www.samajweekly.com

# ਬੋਰਵੈੱਲ ਵਿੱਚ ਡਿੱਗੇ 3 ਸਾਲਾਂ ਬੱਚੇ ਗੁਰਕਰਣ ਸਿੰਘ ਨੂੰ ਸਿਵਲ ਹਸਪਤਾਲ ਹੁਸ਼ਿਆਰਪੁਰ ਵੱਲੋਂ ਸਫਲ ਇਲਾਜ ਉਪਰੰਤ ਘਰ ਭੇਜਿਆ

**ਹੁਸ਼ਿਆਰਪੁਰ, 19 ਮਈ (ਤਰਸੇਮ ਦੀਵਾਨਾ )** – ਸਿਵਲ ਸਰਜਨ ਡਾ. ਮਨਦੀਪ ਕਮਲ ਦੀ ਅਗਵਾਈ ਹੇਠ ਜ਼ਿਲ੍ਹਾ ਹਸਪਤਾਲ ਹੁਸ਼ਿਆਰਪੁਰ ਵੱਲੋਂ ਇੱਕ ਵਾਰ ਫਿਰ ਮਨੁੱਖਤਾ, ਤੱਤਪਰਤਾ ਅਤੇ ਸੇਵਾ ਭਾਵਨਾ ਦੀ ਸ਼ਾਨਦਾਰ ਮਿਸਾਲ ਪੇਸ਼ ਕੀਤੀ ਗਈ ਹੈ। ਦਸੂਹਾ ਰੋਡ ਸਥਿਤ ਪਿੰਡ ਚੱਕ ਸਮਾਣਾ ਦਾ 3 ਸਾਲਾ ਮਾਸੂਮ ਬੱਚਾ ਗੁਰਕਰਣ ਸਿੰਘ, ਜੋ ਖੇਡਦੇ ਸਮੇਂ ਖੇਤਾਂ ਵਿੱਚ ਬਣੇ ਬੋਰਵੈੱਲ ਵਿੱਚ ਡਿੱਗ ਗਿਆ ਸੀ, ਨੂੰ ਗੰਭੀਰ ਹਾਲਤ ਵਿੱਚ ਤੁਰੰਤ ਜ਼ਿਲ੍ਹਾ ਹਸਪਤਾਲ ਹੁਸ਼ਿਆਰਪੁਰ ਲਿਆਂਦਾ ਗਿਆ ਸੀ। ਬੱਚੇ ਦੀ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਹਸਪਤਾਲ ਪ੍ਰਸ਼ਾਸਨ ਅਤੇ ਡਾਕਟਰਾਂ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਉਸ ਨੂੰ ਪਹਿਲ ਦੇ ਆਧਾਰ 'ਤੇ ਐਮਰਜੈਂਸੀ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ। ਹਸਪਤਾਲ ਪਹੁੰਚਦੇ ਹੀ ਡਾਕਟਰਾਂ ਦੀ ਟੀਮ ਵੱਲੋਂ ਬੱਚੇ ਦੀ ਤੁਰੰਤ ਮੈਡੀਕਲ ਜਾਂਚ ਕੀਤੀ ਗਈ ਅਤੇ ਉਸ ਦੀ ਸਥਿਤੀ ਨੂੰ ਦੇਖਦੇ ਹੋਏ ਲੋੜੀਂਦਾ ਇਲਾਜ ਸ਼ੁਰੂ ਕੀਤਾ ਗਿਆ। ਬੱਚੇ ਦੀ ਸਿਹਤ 'ਤੇ ਲਗਾਤਾਰ ਨਿਗਰਾਨੀ ਰੱਖੀ ਗਈ ਅਤੇ ਹਰ ਪਲ ਉਸ ਨੂੰ ਲੋੜੀਂਦੀ ਮੈਡੀਕਲ ਸਹਾਇਤਾ, ਦਵਾਈਆਂ ਅਤੇ ਦੇਖਭਾਲ ਪ੍ਰਦਾਨ ਕੀਤੀ ਗਈ। ਹਸਪਤਾਲ ਦੇ ਡਾਕਟਰਾਂ, ਨਰਸਿੰਗ ਸਟਾਫ ਅਤੇ ਹੋਰ ਸਿਹਤ ਕਰਮਚਾਰੀਆਂ ਵੱਲੋਂ ਪੂਰੀ ਮਿਹਨਤ, ਸਮਰਪਣ ਅਤੇ ਸਾਵਧਾਨੀ ਨਾਲ ਬੱਚੇ ਦੀ ਸੰਭਾਲ ਕੀਤੀ ਗਈ, ਜਿਸ ਕਾਰਨ ਉਸ ਦੀ ਸਿਹਤ ਵਿੱਚ ਲਗਾਤਾਰ ਸੁਧਾਰ ਆਉਂਦਾ ਰਿਹਾ। ਇਸ ਦੌਰਾਨ ਸਿਵਲ ਸਰਜਨ ਡਾ. ਮਨਦੀਪ ਕਮਲ ਖੁਦ ਹਸਪਤਾਲ ਪਹੁੰਚੇ ਅਤੇ ਬੱਚੇ ਦਾ ਹਾਲ-ਚਾਲ ਜਾਣਿਆ। ਉਹਨਾਂ ਡਾਕਟਰਾਂ ਅਤੇ ਸਟਾਫ ਨਾਲ ਇਲਾਜ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਬੱਚੇ ਦੇ ਇਲਾਜ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਨਾ ਰਹਿਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਉਹਨਾਂ ਬੱਚੇ ਦੇ ਪਰਿਵਾਰਕ ਮੈਂਬਰਾਂ ਨਾਲ ਵੀ ਗੱਲਬਾਤ ਕੀਤੀ ਅਤੇ ਉਹਨਾਂ ਨੂੰ ਹੌਸਲਾ ਦਿੰਦਿਆਂ ਹਰ ਸੰਭਵ ਸਹਾਇਤਾ



ਦਾ ਭਰੋਸਾ ਦਿੱਤਾ। ਡਾ. ਮਨਦੀਪ ਕਮਲ ਨੇ ਕਿਹਾ ਕਿ ਇਹ ਬੱਚੇ ਦਾ "ਦੂਜਾ ਜਨਮ" ਹੈ ਅਤੇ ਡਾਕਟਰਾਂ ਦੀ ਟੀਮ ਦੀ ਮਿਹਨਤ, ਸਮੇਂ ਸਿਰ ਮਿਲੇ ਇਲਾਜ ਅਤੇ ਵਾਹਿਗੁਰੂ ਦੀ ਮੇਹਰ ਸਦਕਾ ਬੱਚਾ ਪੂਰੀ ਤਰ੍ਹਾਂ ਸਿਹਤਯਾਬ ਹੋਇਆ ਹੈ। ਕੁਝ ਦਿਨਾਂ ਤੱਕ ਚੱਲੇ ਇਲਾਜ ਅਤੇ ਡਾਕਟਰਾਂ ਦੀ ਵਿਸ਼ੇਸ਼ ਦੇਖਭਾਲ ਤੋਂ ਬਾਅਦ ਜਦੋਂ ਬੱਚਾ ਪੂਰੀ ਤਰ੍ਹਾਂ ਸਿਹਤਯਾਬ ਹੋ ਗਿਆ ਤਾਂ ਹਸਪਤਾਲ ਵਿੱਚ ਖੁਸ਼ੀ ਦਾ ਮਾਹੌਲ ਬਣ ਗਿਆ। ਇਸ ਮੌਕੇ ਸਿਵਲ ਸਰਜਨ ਡਾ. ਮਨਦੀਪ ਕਮਲ, ਡਾਕਟਰਾਂ ਅਤੇ ਸਟਾਫ ਵੱਲੋਂ ਕੇਕ ਕੱਟ ਕੇ ਖੁਸ਼ੀ ਮਨਾਈ ਗਈ ਅਤੇ ਗੁਰਕਰਣ ਸਿੰਘ ਨੂੰ ਗਿਫ਼ਟ ਭੇਟ ਕਰਕੇ ਉਸ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਸ ਉਪਰੰਤ ਬੱਚੇ ਨੂੰ ਖੁਸ਼ੀ-ਖੁਸ਼ੀ ਉਸ ਦੇ ਪਰਿਵਾਰ ਸਮੇਤ ਘਰ ਜਾਣ ਲਈ ਆਗਿਆ ਦਿੱਤੀ ਗਈ। ਇਸ ਮੌਕੇ ਐਸ.ਐਮ.ਓ ਡਾ. ਨਵਜੋਤ ਸਿੰਘ, ਐਸ.ਐਮ.ਓ ਡਾ. ਨੇਹਾ ਪਾਲ, ਮਾਸ ਮੀਡੀਆ ਅਫਸਰ ਤਰਸੇਮ ਲਾਲ, ਚਾਈਲਡ ਸਪੈਸ਼ਲਿਸਟ ਡਾ. ਰਣਵੀਰ ਕੌਰ, ਡਾ. ਨਿਤਿਨ ਗੰਗਡ ਅਤੇ ਚੀਫ ਫਾਰਮਾਸਿਸਟ ਜਤਿੰਦਰ ਸਿੰਘ ਵੀ ਹਾਜ਼ਰ ਸਨ। ਬੱਚੇ ਦੇ ਪਰਿਵਾਰਕ ਮੈਂਬਰਾਂ ਵੱਲੋਂ ਹਸਪਤਾਲ ਦੇ ਡਾਕਟਰਾਂ, ਨਰਸਿੰਗ ਸਟਾਫ ਅਤੇ ਸਿਹਤ ਵਿਭਾਗ ਦਾ ਦਿਲੋਂ ਧੰਨਵਾਦ ਕੀਤਾ ਗਿਆ। ਉਹਨਾਂ ਕਿਹਾ ਕਿ ਸਮੇਂ ਸਿਰ ਮਿਲੇ ਇਲਾਜ, ਡਾਕਟਰਾਂ ਦੀ ਮਿਹਨਤ ਅਤੇ ਲਗਾਤਾਰ ਦੇਖਭਾਲ ਕਾਰਨ ਹੀ ਉਹਨਾਂ ਦਾ ਬੱਚਾ ਸੁਰੱਖਿਅਤ ਅਤੇ ਸਿਹਤਮੰਦ ਹੋ ਸਕਿਆ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਖਰੜ ਵਿੱਚ ਸਪਾ ਸੈਂਟਰਾਂ ਦੀ ਆੜ ਵਿੱਚ ਚੱਲ ਰਹੇ ਗੈਰਕਾਨੂੰਨੀ ਧੰਧਿਆਂ 'ਤੇ ਲੱਗੇ ਲਗਾਮ: ਰਾਜਿੰਦਰ,ਲਖਵੀਰ

## ਸ਼ਿਵ ਸੈਨਾ ਹਿੰਦ ਵਸਿਸ਼ਟ ਮੰਡਲ ਵੱਲੋਂ ਐਸ ਡੀ ਐਮ ਅਤੇ ਡੀ ਐਸ ਪੀ ਨੂੰ ਸੌਂਪਿਆ ਗਿਆ ਮੰਗ ਪੱਤਰ !





**ਹੁਸ਼ਿਆਰਪੁਰ 19 ਮਈ ( ਤਰਸੇਮ ਦੀਵਾਨਾ )** - ਸ਼ਿਵ ਸੈਨਾ ਹਿੰਦ ਸੰਗਠਨ ਦੇ ਰਾਸ਼ਟਰੀ ਪ੍ਰਧਾਨ ਨਿਸ਼ਾਂਤ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੰਗਠਨ ਦਾ ਇੱਕ ਉੱਚ ਪੱਧਰੀ ਪ੍ਰਤੀਨਿਧੀ ਮੰਡਲ ਸਥਾਨਕ ਪ੍ਰਸ਼ਾਸਨ ਨੂੰ ਮਿਲਿਆ। ਸ਼ਿਵ ਸੈਨਾ ਹਿੰਦ ਦੇ ਉੱਤਰ ਭਾਰਤ ਪ੍ਰਮੁੱਖ ਲਖਵੀਰ ਵਰਮਾ ਅਤੇ ਯੂਥ ਪ੍ਰਧਾਨ ਰੋਹਿਤ ਸੂਦ ਦੀ ਅਗਵਾਈ ਵਿੱਚ ਖਰੜ ਦੇ ਐਸ ਡੀ ਐਮ ਅਤੇ ਡੀ ਐਸ ਪੀ ਨੂੰ ਇੱਕ ਵਿਸ਼ੇਸ਼ ਮੰਗ ਪੱਤਰ ਸੌਂਪਿਆ ਗਿਆ। ਇਸ ਮੰਗ ਪੱਤਰ ਰਾਹੀਂ ਸੰਗਠਨ ਨੇ ਪ੍ਰਸ਼ਾਸਨ ਦਾ ਧਿਆਨ ਖਰੜ ਸ਼ਹਿਰ ਵਿੱਚ ਧੜੱਲੇ ਨਾਲ ਚੱਲ ਰਹੇ ਸਪਾ ਸੈਂਟਰਾਂ ਵੱਲ ਦਿਵਾਇਆ। ਸੰਗਠਨ ਦੇ ਆਗੂਆਂ ਨੇ ਦੋਸ਼ ਲਗਾਇਆ ਕਿ ਇਨ੍ਹਾਂ ਸਪਾ ਸੈਂਟਰਾਂ ਦੀ ਆੜ ਵਿੱਚ ਵੱਡੇ ਪੱਧਰ 'ਤੇ ਗੈਰਕਾਨੂੰਨੀ ਅਤੇ ਅਨੈਤਿਕ ਗਤੀਵਿਧੀਆਂ ਚੱਲ ਰਹੀਆਂ ਹਨ, ਜੋ ਸਥਾਨਕ ਸਮਾਜ ਅਤੇ ਨੌਜਵਾਨ ਪੀੜ੍ਹੀ ਦੇ ਭਵਿੱਖ ਲਈ ਵੱਡਾ ਖਤਰਾ ਬਣ ਰਹੀਆਂ ਹਨ। ਸਪਾ ਸੈਂਟਰਾਂ ਦੇ ਨਾਮ 'ਤੇ ਚੱਲ ਰਹੇ ਇਸ ਗੈਰਕਾਨੂੰਨੀ ਧੰਦੇ ਨੂੰ ਤੁਰੰਤ ਬੰਦ ਕੀਤਾ ਜਾਣਾ ਚਾਹੀਦਾ ਹੈ। ਸ਼ਿਵ ਸੈਨਾ ਹਿੰਦ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਨ੍ਹਾਂ ਸੈਂਟਰਾਂ 'ਤੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਅਚਾਨਕ ਛਾਪੇਮਾਰੀ ਕਰਕੇ ਸੱਚਾਈ ਨੂੰ ਸਾਹਮਣੇ ਲਿਆਂਦਾ ਜਾਵੇ।ਸੰਗਠਨ ਦੇ ਆਗੂਆਂ ਨੇ ਕਿਹਾ ਕਿ ਜੇਕਰ ਜਲਦੀ ਹੀ ਇਨ੍ਹਾਂ ਸ਼ੱਕੀ ਸਪਾ ਸੈਂਟਰਾਂ 'ਤੇ ਸਖਤ ਕਾਰਵਾਈ ਨਹੀਂ ਕੀਤੀ ਗਈ ਤਾਂ ਸੰਗਠਨ ਜਨਹਿਤ ਵਿੱਚ ਕੜੇ ਕਦਮ ਚੁੱਕਣ ਲਈ ਮਜਬੂਰ ਹੋਵੇਗਾ। ਐਸ ਡੀ ਐਮ ਅਤੇ ਡੀ ਐਸ ਪੀ ਨੇ ਪ੍ਰਤੀਨਿਧੀ ਮੰਡਲ ਦੀ ਗੱਲ ਧਿਆਨ ਨਾਲ ਸੁਣੀ ਅਤੇ ਇਸ ਗੰਭੀਰ ਮਾਮਲੇ 'ਤੇ ਤੁਰੰਤ ਅਤੇ ਉਚਿਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਸੰਗਠਨ ਦੇ ਰਾਸ਼ਟਰੀ ਮੀਡੀਆ ਇੰਚਾਰਜ ਰਾਜਿੰਦਰ ਧਾਲੀਵਾਲ ,ਰਾਹੁਲ ਸ਼ਰਮਾ ਰਾਸਟਰੀ ਸਾਲਹਕਰ, ਧਰਮਗੁਰੂ ਸ਼ਾਸਤਰੀ ਰੰਜਨ , ਮਨੋਜ ਸ਼ਰਮਾ, ਮੋਹਿਤ ਕੁਮਾਰ, ਪਵਨ ਸ਼ਰਮਾ ਸਮੇਤ ਵੱਡੀ ਗਿਣਤੀ ਵਿੱਚ ਸ਼ਿਵ ਸੈਨਿਕ ਅਤੇ ਸਥਾਨਕ ਮੌਜੂਦ ਸਨ।

ਫੋਟੋ ਅਜਮੇਰ ਦੀਵਾਨਾ

# ਸੰਤ ਬਾਬਾ ਖੁਸ਼ੀ ਰਾਮ ਭਰੋਮਜਾਰਾ ਦੀ ਸਲਾਨਾ ਬਰਸੀ ਸਮਾਗਮ ਸਬੰਧੀ ਪੋਸਟਰ ਜਾਰੀ



**ਹੁਸ਼ਿਆਰਪੁਰ 19 ਮਈ ( ਤਰਸੇਮ ਦੀਵਾਨਾ )** - ਮਹਾਨ ਤਪੱਸਵੀ ਸੰਤ ਬਾਬਾ ਖੁਸ਼ੀ ਰਾਮ ਭਰੋਮਜਾਰਾ ਦੀ 38ਵੀਂ ਸਲਾਨਾ ਬਰਸੀ ਸਮਾਗਮ ਡੇਰਾ ਸੰਤ ਬਾਬਾ ਮੇਲਾ ਰਾਮ ਭਰੋਮਜਾਰਾ ਵਿਖੇ 23-24 ਮਈ ਦਿਨ ਸ਼ਨੀਵਾਰ ਤੇ ਐਤਵਾਰ ਨੂੰ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ ਪੰਜਾਬ,ਸੰਤ ਡਾ. ਲਛਮਣ ਦਾਸ ਅਤੇ ਸਤਿਗੁਰੂ ਰਵਿਦਾਸ ਚੈਰੀਟੇਬਲ ਟਰੱਸਟ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਈ ਜਾਵੇਗੀ।ਇਸ ਸਬੰਧੀ ਜਾਣਕਾਰੀ ਦਿੰਦਿਆ ਸੰਤਾਂ ਨੇ ਦੱਸਿਆ ਕਿ 23 ਮਈ ਦਿਨ ਸ਼ਨੀਵਾਰ ਨੂੰ ਰਾਤ ਦੇ ਦੀਵਾਨ ਸਜਾਏ ਜਾਣਗੇ ਅਤੇ 24 ਮਈ ਦਿਨ ਐਤਵਾਰ ਨੂੰ ਨਿਸ਼ਾਨ ਸਾਹਿਬ ਦੀ ਰਸਮ ਅਤੇ ਸ਼੍ਰੀ ਸਹਿਜ ਪਾਠ ਦਾ ਭੋਗ ਪਾਇਆ ਜਾਵੇਗਾ ਉਪਰੰਤ ਮਹਾਪੁਰਸ਼ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।ਇਸ ਮੌਕੇ ਸੰਤ ਕੁਲਵੰਤ ਰਾਮ ਭਰੋਮਜਾਰਾ, ਲੈਕ ਰਾਮ ਲੁਭਾਇਆ ਕਲਸੀ, ਕੇ.ਕੇ ਪਾਲ ਜਲੰਧਰ, ਸੁਰਿੰਦਰ ਪਾਲ ਵੜਿੰਗ, ਬਿਹਾਰੀ ਲਾਲ ਨੰਗਲ ਭਾਖੜਾ, ਸੋਮ ਨਾਥ ਐਸ.ਡੀ.ਓ ਗੜ੍ਹਸ਼ੰਕਰ, ਬਲਵੰਤ ਰਾਏ ਵੜਿੰਗ, ਬੀਬੀ ਸ਼ੀਲਾ ਦੇਵੀ, ਬੀਬੀ ਅਮਰਜੀਤ ਕੌਰ ਨਵਾਂਸ਼ਹਿਰ, ਕੁਲਦੀਪ ਚੰਦ ਗੜ੍ਹਸ਼ੰਕਰ, ਹਰਜਿੰਦਰ ਕੁਮਾਰ,ਗੁਰਬਚਨ ਰਾਮ ਨਗਰ, ਬੀਬੀ ਗੁਰਮੇਜ ਕੌਰ, ਬਲਵੀਰ ਰਾਮ, ਚਰਨਜੀਤ ਰਾਮ, ਕੁਲਦੀਪ ਸਿੰਘ ਹੈੱਡ ਗ੍ਰੰਥੀ, ਰਵੀ ਪਾਲ ਵੜਿੰਗ, ਧਰਮਵੀਰ ਕੁਮਾਰ, ਪਰਮਾ ਨੰਦ ਨੰਗਲ ਕਰਾਰ ਖਾਂ, ਰਾਮ ਪ੍ਰਕਾਸ਼, ਗੁਲਸ਼ਨ ਕੁਮਾਰ, ਸੰਦੀਪ ਕੁਮਾਰ, ਪਰਮਜੀਤ ਕੁਮਾਰ, ਠੇਕੇਦਾਰ ਹਰਮਨ, ਜਰਨੈਲ ਸਿੰਘ, ਡਾ.ਮਨਜੀਤ ਕੁਮਾਰ ਆਦਿ ਸੰਗਤਾਂ ਹਾਜਰ ਸਨ।

**ਫੋਟੋ ਅਜਮੇਰ ਦੀਵਾਨਾ**

# ਜੱਸੀ ਜਠੇਰਿਆਂ ਦਾ 51ਵਾਂ ਸਲਾਨਾ ਜੋੜ ਮੇਲਾ ਸ਼ਾਨੋ ਸ਼ੌਕਤ ਨਾਲ ਹੋਇਆ ਸੰਪਨ

## ਗਾਇਕ ਜੋੜੀ ਬਲਵਿੰਦਰ ਬਿੰਦਾ-ਜੈਸਮੀਨ ਖਾਨ ਨੇ ਲਗਵਾਈ ਭਰਪੂਰ ਹਾਜਰੀ







**ਬੰਗਾ 19 ਮਈ ( ਚਰਨਜੀਤ ਸੱਲ੍ਹਾ )** ਧੰਨ ਧੰਨ ਬਾਬਾ ਫਤਿਹ ਚੰਦ ਜੱਸੀ ਜੀ ਦੇ ਅਸਥਾਨ ਜੱਸੀ ਜਠੇਰੇ ਕੁਲਥਮ ਵਿਖੇ ਜੱਸੀ ਜਠੇਰਿਆਂ ਦਾ 51ਵਾਂ ਸਲਾਨਾ ਜੋੜ ਮੇਲਾ ਹਰ ਸਾਲ ਦੀ ਤਰ੍ਹਾਂ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ ਹੋਇਆ। ਇਸ ਮੌਕੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੀ ਬਾਣੀ ਦੇ ਭੋਗ ਉਪਰੰਤ ਸਰਬੱਤ ਦੇ ਭਲੇ ਅਤੇ ਜੱਸੀ ਪਰਿਵਾਰਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਉਪਰੰਤ ਖੁੱਲ੍ਹੇ ਪੰਡਾਲ 'ਚ ਧਾਰਮਿਕ ਦੀਵਾਨ ਸਜਾਇਆ ਗਿਆ। ਜਿਸ ਵਿਚ ਗਾਇਕ ਜੋੜੀ ਬਲਵਿੰਦਰ ਬਿੰਦਾ ਅਤੇ ਜੈਸਮੀਨ ਖਾਨ ਨੇ ਆਪਣੇ ਪ੍ਰਸਿੱਧ ਗੀਤਾਂ ਰਾਹੀਂ ਭਰਪੂਰ ਹਾਜਰੀ ਲਗਵਾਈ। ਫਿਰ ਵਾਰੀ ਆਈ ਪੰਜਾਬ ਦੀ ਮਕਬੂਲ ਲੋਕ ਗਾਇਕਾ ਬਲਬੀਰ ਰਾਗਨੀ ਦੀ। ਜਿਸ ਨੇ ਸਰੋਤਿਆਂ ਦੀ ਫਰਮਾਇਸ਼ ਅਨੁਸਾਰ ਇੱਕ ਤੋਂ ਬਾਅਦ ਇੱਕ ਹਿਟ ਗੀਤ ਪੇਸ਼ ਕਰਕੇ ਮੇਲਾ ਲੁੱਟ ਲਿਆ। ਜੱਸੀ ਜਠੇਰੇ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਚਮਨ ਲਾਲ ਜੱਸੀ, ਦੇਸਰਾਜ ਜੱਸੀ ਜਲੰਧਰ, ਕਰਨੈਲ ਚੰਦ ਇੰਦਨਾ ਕਲਾਸਕੇ, ਹੰਸਰਾਜ ਤੱਲ੍ਹਣ, ਮਝੈਲ ਰਾਮ ਸੰਘਵਾਲ ਨੇ ਸਮੂਹ ਜੱਸੀ ਪਰਿਵਾਰਾਂ ਨੂੰ ਸਲਾਨਾ ਜੋੜ ਮੇਲੇ ਦੀ ਵਧਾਈ ਦਿੱਤੀ। ਉਹਨਾਂ ਨੇ ਪਿੱਤਰਾਂ ਦੇ ਵਿਸ਼ੇ 'ਤੇ ਵੀ ਭਰਪੂਰ ਚਾਨਣਾ ਪਾਇਆ ਅਤੇ ਦੱਸਿਆ ਕਿ ਜੱਸੀ ਵੰਸ਼ ਜਿੱਥੇ ਵਿਸ਼ਾਲ ਵੰਸ਼ ਹੈ ਉੱਥੇ ਹੀ ਇਸ ਦੇ ਵੱਡੇ ਵਡੇਰਿਆਂ ਦਾ ਵੀ ਉੱਚਾ ਮੁਕਾਮ ਹੈ। ਉਹਨਾਂ ਜਠੇਰਿਆਂ ਦੇ ਨਾਲ ਪਰਿਵਾਰ ਦੇ ਬਜੁਰਗ ਮੈਂਬਰਾਂ ਨੂੰ ਵੀ ਸਤਿਕਾਰ ਦੇਣ ਦਾ ਸੁਨੇਹਾ ਦਿੱਤਾ। ਸਟੇਜ ਦੀ ਸੇਵਾ ਆਰ.ਐਲ. ਜੱਸੀ ਨੇ ਸ਼ਾਇਰਾਨਾ ਅੰਦਾਜ ਵਿਚ ਬਾਖੂਬੀ ਨਿਭਾਈ ਅਤੇ ਢੁਕਵੇਂ ਸ਼ੇਅਰਾਂ ਦੇ ਨਾਲ ਮਾਹੋਲ ਨੂੰ ਬੰਨ੍ਹੀ ਰੱਖਿਆ। ਜੱਸੀ ਸਮਾਜ ਦੇ ਬੁੱਧੀਜੀਵੀ, ਪਤਵੰਤਿਆਂ, ਲੇਖਕਾਂ, ਪੱਤਰਕਾਰਾਂ, ਸਮੂਹ ਸੇਵਾਦਾਰਾਂ ਤੇ ਦਾਨੀਆਂ ਦਾ ਵੀ ਸਨਮਾਨ ਕੀਤਾ ਗਿਆ। ਹਰ ਸਾਲ ਦੀ ਤਰ੍ਹਾਂ ਕਿਤਾਬਾਂ ਦੇ ਸਟਾਲ ਵੀ ਲਗਾਏ ਗਏ। ਇਸ ਮੌਕੇ ਰਵੀ ਕੁਮਾਰ ਜਲੰਧਰ, ਵਿਪਨ ਕੁਮਾਰ ਬਿੱਟੂ, ਗੋਬਿੰਦ ਲਾਲ ਜੱਸੀ ਤੱਲ੍ਹਣ, ਰਿਟਾ ਐਸ ਪੀ ਸਰਬਜੀਤ ਰਾਏ ਨਿਰਵੈਰ ਜੱਸੀ ਕਪੂਰਥਲਾ, ਨਰਿੰਦਰ ਸਿੰਘ ਚੰਡੀਗੜ੍ਹ, ਦੇਵ ਪ੍ਰਕਾਸ਼ ਤੱਲ੍ਹਣ, ਸਤਨਾਮ ਇੰਦਣਾਂ ਕਲਾਸਕੇ, ਰਾਮ ਲਾਲ ਜਲੰਧਰ, ਪ੍ਰਿੰਸੀਪਲ ਗਿਆਨ ਚੰਦ, ਬਖਸ਼ੀਸ਼ ਜੱਸੀ, ਦੇਸਰਾਜ ਰੰਧਾਵਾ ਬਰੋਟਾ, ਜਸਪਾਲ ਸੇਮੀ, ਮਨੀਸ਼ ਤੱਲ੍ਹਣ, ਸਮੇਤ ਵੱਡੀ ਗਿਣਤੀ 'ਚ ਜੱਸੀ ਪਰਿਵਾਰਾਂ ਨੇ ਹਾਜਰੀ ਲਗਵਾਈ ਅਤੇ ਵੱਡੇ ਵਢੇਰਿਆਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਸੰਗਤਾਂ ਦੀ ਸੇਵਾ 'ਚ ਠੰਡੇ ਜੱਲ, ਚਾਹ ਅਤੇ ਲੰਗਰ ਦੀ ਸੇਵਾ ਅਤੁੱਟ ਵਰਤਾਈ ਗਈ।

# ਗੁਰੂ ਤੋਂ ਬਿਨਾਂ ਇਨਸਾਨ ਦਾ ਜੀਵਨ ਅਧੂਰਾ ਹੈ ਜਿਵੇਂ ਮਲਾਹ ਦੇ ਬਿਨਾਂ ਬੇੜੀ : ਸੰਤ ਕੁਲਵੰਤ ਰਾਮ ਭਰੋਮਜ਼ਾਰਾ



**ਹੁਸ਼ਿਆਰਪੁਰ 19 ਮਈ (ਤਰਸੇਮ ਦੀਵਾਨਾ )** - ਅਜੋਕੇ ਦੌਰ ਦੀ ਭੱਜ-ਦੌੜ ਅਤੇ ਮਾਨਸਿਕ ਅਸ਼ਾਂਤੀ ਦੇ ਹੱਲ ਲਈ ਰੂਹਾਨੀਅਤ ਦਾ ਮਾਰਗ ਅਪਣਾਉਣਾ ਬਹੁਤ ਜ਼ਰੂਰੀ ਹੋ ਗਿਆ ਹੈ। ਧਾਰਮਿਕ ਵਿਦਵਾਨਾਂ ਅਤੇ ਚਿੰਤਕਾਂ ਦਾ ਮੰਨਣਾ ਹੈ ਕਿ ਦੁਨੀਆ ਦੇ ਹਰ ਪ੍ਰਾਣੀ ਨੂੰ ਗੁਰੂਆਂ ਦੇ ਲੜ ਲੱਗਣਾ ਚਾਹੀਦਾ ਹੈ, ਕਿਉਂਕਿ ਗੁਰੂ ਤੋਂ ਬਿਨਾਂ ਇਨਸਾਨ ਦਾ ਜੀਵਨ ਉਸੇ ਤਰ੍ਹਾਂ ਅਧੂਰਾ ਹੈ ਜਿਵੇਂ ਬਿਨਾਂ ਮਲਾਹ ਦੇ ਬਿਨਾਂ ਬੇੜੀ। ਇਹਨਾ ਗੱਲਾਂ ਦਾ ਪ੍ਰਗਟਾਵਾ ਡੇਰਾ 108 ਬਾਬਾ ਮੇਲਾ ਰਾਮ ਜੀ ਭਰੋਮਜ਼ਾਰਾ ਦੇ ਮੌਜੂਦਾ ਗੱਦੀ ਨਸ਼ੀਨ ਅਤੇ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇਕ ਸੁਸਾਇਟੀ ਰਜਿ. ਪੰਜਾਬ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਭਰੋਮਜ਼ਾਰਾ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ! ਉਹਨਾਂ ਅੱਜ ਦੇ ਪਦਾਰਥਵਾਦੀ ਯੁੱਗ ਦੇ ਵਿੱਚ ਗੁਰੂ ਦੀ ਅਹਿਮੀਅਤ ਨੂੰ ਸਮਝਾਉਂਦਿਆਂ ਇੱਕ ਬਹੁਤ ਹੀ ਵਧੀਆ ਉਦਾਹਰਨ ਦਿੱਤੀ ਹੈ ਉਹਨਾ ਕਿਹਾ ਕਿ ਜਿਵੇਂ ਪੜ੍ਹਾਈ ਤੋਂ ਬਿਨਾਂ ਇਨਸਾਨ 'ਅਨਪੜ੍ਹ' ਰਹਿ ਜਾਂਦਾ ਹੈ ਅਤੇ ਉਹ ਸੰਸਾਰਿਕ ਗਿਆਨ ਤੋਂ ਵਾਂਝਾ ਹੋਣ ਕਾਰਨ ਜੀਵਨ ਦੀਆਂ ਬਾਰੀਕੀਆਂ ਨੂੰ ਨਹੀਂ ਸਮਝ ਸਕਦਾ, ਠੀਕ ਉਸੇ ਤਰ੍ਹਾਂ ਅਧਿਆਤਮਿਕ ਗੁਰੂ ਤੋਂ ਬਿਨਾਂ ਇਨਸਾਨ ਅੰਦਰੂਨੀ ਗਿਆਨ ਤੋਂ ਸੱਖਣਾ ਰਹਿੰਦਾ ਹੈ ! ਉਹਨਾਂ ਕਿਹਾ ਕਿ ਜਿਸ ਤਰ੍ਹਾਂ ਇੱਕ ਅਨਪੜ੍ਹ ਵਿਅਕਤੀ ਸਮਾਜਿਕ ਅਤੇ ਤਕਨੀਕੀ ਤਰੱਕੀ ਵਿੱਚ ਆਪਣਾ ਪੂਰਾ ਯੋਗਦਾਨ ਨਹੀਂ ਪਾ ਸਕਦਾ, ਉਸੇ ਤਰ੍ਹਾਂ ਗੁਰੂ ਦੀ ਸਿੱਖਿਆ ਤੋਂ ਬਿਨਾਂ ਮਨੁੱਖ ਆਪਣੇ ਜੀਵਨ ਦੇ ਅਸਲ ਮਕਸਦ ਨੂੰ ਪਛਾਣਨ ਵਿੱਚ ਅਸਮਰੱਥ ਰਹਿੰਦਾ ਹੈ। ਉਹਨਾਂ ਕਿਹਾ ਕਿ "ਗੁਰੂ ਉਹ ਚਾਨਣ-ਮੁਨਾਰਾ ਹੈ ਜੋ ਭਟਕੇ ਹੋਏ ਇਨਸਾਨ ਨੂੰ ਸਹੀ ਰਸਤਾ ਦਿਖਾ ਕੇ ਉਸ ਦਾ ਲੋਕ ਅਤੇ ਪਰਲੋਕ ਸੁਧਾਰ ਦਿੰਦਾ ਹੈ। ਉਹਨਾਂ ਕਿਹਾ ਕਿ ਅੱਜ ਦੇ ਸਮਾਜ ਵਿੱਚ ਵੱਧ ਰਹੀਆਂ ਬੁਰਾਈਆਂ ਨੂੰ ਰੋਕਣ ਲਈ ਗੁਰੂ ਦੇ ਲੜ ਲੱਗਣਾ ਹੋਰ ਵੀ ਲਾਜ਼ਮੀ ਹੋ ਗਿਆ ਹੈ। ਗੁਰੂ ਦੀ ਮੱਤ ਹੀ ਮਨੁੱਖ ਨੂੰ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਤੋਂ ਬਚਾ ਕੇ ਇੱਕ ਚੰਗਾ ਇਨਸਾਨ ਬਣਾਉਂਦੀ ਹੈ। ਜੇਕਰ ਇਨਸਾਨ ਗੁਰੂ ਦੀ ਸ਼ਰਨ ਵਿੱਚ ਆ ਜਾਵੇ, ਤਾਂ ਉਸ ਦੇ ਜੀਵਨ ਵਿੱਚ ਅਨੁਸ਼ਾਸਨ, ਨਿਮਰਤਾ ਅਤੇ ਸੇਵਾ ਭਾਵਨਾ ਵਰਗੇ ਗੁਣ ਪੈਦਾ ਹੁੰਦੇ ਹਨ, ਜੋ ਉਸ ਨੂੰ ਇੱਕ 'ਪੂਰਨ ਮਨੁੱਖ' ਬਣਾਉਣ ਵਿੱਚ ਸਹਾਈ ਹੁੰਦੇ ਹਨ।

# ਵਪਾਰ ਮੰਡਲ ਦੀਆਂ ਮੁਸ਼ਕਿਲਾਂ ਸੁਣਨ ਪਹੁੰਚੇ ਡੀ ਐਸ ਪੀ ਬਲਾਚੌਰ ਅਤੇ ਨਗਰ ਕੌਂਸਲ ਪ੍ਰਧਾਨ ਸੁਨੀਲ ਕੌਸ਼ਲ ਲਾਡੀ ਰਾਣਾ

**ਬਲਾਚੌਰ, 19 ਮਈ (ਜਤਿੰਦਰ ਪਾਲ ਸਿੰਘ ਕਲੇਰ** )ਸ਼ਹਿਰ ਦੀਆਂ ਵਪਾਰਕ ਅਤੇ ਟ੍ਰੈਫਿਕ ਸਬੰਧੀ ਸਮੱਸਿਆਵਾਂ ਦੇ ਸਥਾਈ ਹੱਲ ਲਈ ਅੱਜ ਸਬ ਡਿਵੀਜ਼ਨ ਬਲਾਚੌਰ ਦੇ ਡੀ.ਐੱਸ.ਪੀ. ਹਿੰਮਤ ਮਲਹੋ-ਤਰਾ, ਐਸਐਚ ੳ ਸਿਟੀ ਕਮਲ ਤਨੇਜਾ ਅਤੇ ਨਗਰ ਕੌਂਸਲ ਦੇ ਪ੍ਰਧਾਨ ਸੁਨੀਲ ਕੌਸ਼ਲ ਲਾਡੀ ਰਾਣਾ ਵੱਲੋਂ ਵਪਾਰ ਮੰਡਲ ਅਤੇ ਸਥਾਨਕ ਦੁਕਾਨਦਾਰਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਦੁਕਾਨਦਾਰਾਂ ਅਤੇ ਵਪਾਰ ਮੰਡਲ ਦੇ ਨੁਮਾਇੰਦਿਆਂ ਨੇ ਸ਼ਹਿਰ ਵਿੱਚ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਨੂੰ ਡੀ.ਐੱਸ.ਪੀ. ਅਤੇ ਨਗਰ ਕੌਂਸਲ ਪ੍ਰਧਾਨ ਦੇ ਸਾਹਮਣੇ ਵਿਸਥਾਰਪੂਰਵਕ ਰੱਖਿਆ।ਮੀਟਿੰਗ ਦੌਰਾਨ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਦਿਆਂ ਡੀ.ਐੱਸ.ਪੀ. ਹਿੰਮਤ ਮਲਹੋਤਰਾ ਅਤੇ ਪ੍ਰਧਾਨ ਲਾਡੀ ਰਾਣਾ ਨੇ ਮੌਕੇ 'ਤੇ ਹੀ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਸਾਰੀਆਂ ਜਾਇਜ਼ ਮੰਗਾਂ ਅਤੇ ਸਮੱਸਿਆਵਾਂ ਦਾ ਜਲਦੀ



ਹੀ ਯੋਗ ਹੱਲ ਕੱਢਿਆ ਜਾਵੇਗਾ।ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਗਰ ਕੌਂਸਲ ਦੇ ਪ੍ਰਧਾਨ ਲਾਡੀ ਰਾਣਾ ਨੇ ਦੱਸਿਆ ਕਿ ਸ਼ਹਿਰ ਵਿੱਚ ਟ੍ਰੈਫਿਕ ਦੀ ਸਮੱਸਿਆ ਨੂੰ ਸੁਲਝਾਉਣ ਲਈ ਵੱਡੇ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਆਉਂਦੇ ਕੁਝ ਹੀ ਦਿਨਾਂ ਵਿੱਚ ਟ੍ਰੈਫਿਕ ਪੁਲਿਸ ਅਤੇ ਡੀ.ਐੱਸ.ਪੀ. ਬਲਾਚੌਰ ਨਾਲ ਮਿਲ ਕੇ ਭੱਦੀ ਰੋਡ ਅਤੇ ਗਹੂਣ ਰੋਡ ਨੂੰ 'ਵਨ-ਵੇਅ' ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ, ਤਾਂ ਜੋ ਰੋਜ਼ਾਨਾ ਲੱਗਣ ਵਾਲੇ ਜਾਮ ਤੋਂ ਲੋਕਾਂ ਨੂੰ ਨਿਜਾਤ ਮਿਲ ਸਕੇ।ਇਸ ਦੇ ਨਾਲ ਹੀ ਪ੍ਰਸ਼ਾਸਨ ਵੱਲੋਂ ਦੁਕਾਨਦਾਰਾਂ ਨੂੰ ਬਾਜ਼ਾਰਾਂ ਵਿੱਚੋਂ ਨਾਜਾਇਜ਼ ਕਬਜ਼ੇ ਹਟਾਉਣ ਦੀ ਅਪੀਲ ਵੀ ਕੀਤੀ ਗਈ ਹੈ। ਨਗਰ ਕੌਂਸਲ ਪ੍ਰਧਾਨ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਦੁਕਾਨਾਂ ਦੇ ਬਾਹਰ ਕੀਤੇ ਗਏ ਨਾਜਾਇਜ਼ ਕਬਜ਼ਿਆਂ ਨੂੰ ਸਖ਼ਤੀ ਨਾਲ ਉਠਾਇਆ ਜਾਵੇਗਾ ਤਾਂ ਜੋ ਪੈਦਲ ਚੱਲਣ ਵਾਲੇ ਰਾਹਗੀਰਾਂ ਅਤੇ ਗਾਹਕਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ। ਉਨ੍ਹਾਂ ਸਮੂਹ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਸ਼ਹਿਰ ਨੂੰ ਸੁੰਦਰ ਅਤੇ ਸਾਫ਼-ਸੁਥਰਾ ਬਣਾਉਣ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਕਰਨ। ਮੀਟਿੰਗ ਵਿੱਚ ਇਹ ਰਹੇ ਮੌਜੂਦ ਇਸ ਅਹਿਮ ਮੀਟਿੰਗ ਵਿੱਚ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਇਲਾਵਾ ਵਪਾਰ ਮੰਡਲ ਬਲਾਚੌਰ ਦੇ ਪ੍ਰਧਾਨ ਰਾਜੂ ਨਰੰਗ, ਵਪਾਰ ਮੰਡਲ ਦੇ ਉਪ ਪ੍ਰਧਾਨ ਰਿੱਕੀ ਬਜਾਜ, ਫਰਨੀਚਰ ਯੂਨੀਅਨ ਦੇ ਪ੍ਰਧਾਨ ਰਾਮਾ ਧਮਾਨ, ਹੈਰੀ ਗੁਲਾਟੀ, ਰਾਮਪਾਲ, ਮੇਸ਼ੀ ਕੌਂਸਲਰ ਅਤੇ ਪੇਂਟੀ ਸੋਨੀ ਸਮੇਤ ਵੱਡੀ ਗਿਣਤੀ ਵਿੱਚ ਸਥਾਨਕ ਦੁਕ-ਾਨਦਾਰ ਅਤੇ ਪਤਵੰਤੇ ਸੱਜਣ ਮੌਜੂਦ ਸਨ।

# ਗੌਰਮਿੰਟ ਟੀਚਰਜ਼ ਯੂਨੀਅਨ ਦਾ ਵਫ਼ਦ ਐੱਸ ਡੀ ਐੱਮ ਨੂੰ ਮਿਲਿਆ

## ਸੈਸਜ ਡਿਊਟੀ ਸੰਬੰਧੀ ਅਧਿਆਪਕਾ ਨੂੰ ਫਾਰਗ ਕਰਨ ਦੀ ਮੰਗ ਤੇ ਚੋਣ ਡਿਊਟੀਆਂ ਸੰਬੰਧੀ ਦਿੱਤਾ ਮੰਗ ਪੱਤਰ

**ਕਪੂਰਥਲਾ, 19 ਮਈ ( ਵਿਸੇਸ ਪ੍ਰਤੀਨਿਧ )**– ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਕਪੂਰਥਲਾ ਇਕਾਈ ਦਾ ਇੱਕ ਵਫਦ ਸੂਬਾਈ ਆਗੂ ਰਛਪਾਲ ਸਿੰਘ ਵੜੈਚ, ਜਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਬੱਧਣ ਦੀ ਅਗਵਾਈ ਵਿਚ ਅਮਨਪਾਲ ਸਿੰਘ ਐੱਸ ਡੀ ਐੱਮ ਸੁਲਤਾਨਪੁਰ ਲੋਧੀ ਤੇ ਬਲਜੀਤ ਸਿੰਘ ਬਿਲਗਾ ਕਾਰਜ ਸਾਧਕ ਅਫਸਰ ਸੈਸਜ ਸੁਲਤਾਨ-ਪੁਰ ਲੋਧੀ ਨੂੰ ਮਿਲਿਆ। ਵਫ਼ਦ ਨੇ ਅਧਿਕਾਰੀਆਂ ਨੂੰ ਮੰਗ ਪੱਤਰ ਦਿੰਦੇ ਹੋਏ ਮੁੱਖ ਮੰਗਾਂ ਜਿਸ ਵਿੱਚ ਜਨਗਣਨਾ ਡਿਊਟੀ ਨੇੜੇ ਤੋਂ ਨੇੜੇ ਲਗਾਉਣ ਸੰਬੰਧੀ ਜਾਣੂ ਕਰਾਉਣ ਦੇ ਬਾਵਜੂਦ ਫਿਰ ਵੀ ਬਹੁਤ ਦੂਰ ਦੂਰ ਡਿਊਟੀ ਲਗਾਉਣ,ਇਸ ਦੇ ਨਾਲ ਹੀ ਕੁਝ ਦਫਤਰਾਂ ਨੇ ਕਥਿਤ ਤੌਰ ਤੇ ਕਿਸੇ ਪਹੁੰਚ ਵਾਲੇ ਦੀ ਡਿਊਟੀ ਕੱਟ ਕੇ ਡਰਾ ਧਮਕਾ ਕੇ ਉਹਨਾਂ ਅਧਿਆਪਕਾਂ ਨੂੰ ਸਮਾਨ ਚੁਕਵਾ ਦੇਣ, ਜਿਨ੍ਹਾਂ ਨੂੰ ਕੋਈ ਰਿਹਰਸਲ ਤੱਕ ਵੀ ਨਹੀਂ ਕਰਵਾਈ, ਇਸ ਦੇ ਨਾਲ ਹੀ ਜੋ ਮੁਲਾਜਮ ਸਮਾਨ ਲੈ ਵੀ ਗਏ ਹਨ। ਉਹਨਾਂ ਦੀ ਡਿਊਟੀ ਕੱਟ ਕੇ ਉਹਨਾਂ ਦੀ ਥਾਂ ਤੇ ਹੋਰ ਅਧਿਆਪਕ ਲਗਾਏ ਜਾ ਰਹੇ ਸੰਬੰਧੀ ਵਿਸੇਸ਼ ਧਿਆਨ ਦਿਵਾਇਆ। ਆਗੂਆਂ ਨੇ ਕਿਹਾ ਕਿ ਅਧਿਆਪਕ ਵਰਗ ਬੀ. ਐਲ. ਓ ਅਤੇ ਹਰ ਕਿਸਮ ਦੀ ਡਿਊਟੀ ਲਈ ਹਮੇਸ਼ਾ ਪ੍ਰਸਾਸ਼ਨ ਦਾ ਸਹਿਯੋਗ ਦਿੰਦਾ ਹੈ। ਪਰ ਇਸ ਦੇ ਬਾਵਜੂਦ ਦੂਰ ਦੁਰੇਡੇ ਇਸਤਰੀ ਕਰਮਚਾਰੀਆਂ ਦੀ ਡਿਊਟੀ ਲਗਾਉਣਾ ਅਧਿਆਪਕ ਵਰਗ ਨਾਲ ਸਰਾਸਰ ਧੱਕਾ ਹੈ। ਉਹਨਾਂ ਕਿਹਾ ਕਿ ਇਹ ਸਮੱਸਿਆ ਇਲੈਕਸ਼ਨ ਡਿਊਟੀਆਂ ਵਿੱਚ



**ਗੌਰਮਿੰਟ ਟੀਚਰਜ਼ ਯੂਨੀਅਨ ਦਾ ਵਫਦ ਐਸ ਡੀ ਐਮ ਨੂੰ ਮਿਲਣ ਉਪਰੰਤ ਜਾਣਕਾਰੀ ਦਿੰਦੇ ਹੋਏ ਸੂਬਾਈ ਆਗੂ ਰਛਪਾਲ ਸਿੰਘ ਵੜੈਚ, ਜਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਬੱਧਣ ਤੇ ਸਮੂਹ ਅਧਿਆਪਕ ਆਗੂ।**

ਵੀ ਆ ਰਹੀਆਂ ਹਨ। ਉਹਨਾਂ ਵਿੱਚ ਵੀ ਜਿਆਦਾਤਰ ਉਹਨਾਂ ਅਧਿਆਪਕਾਂ ਦੀ ਡਿਊਟੀ ਆਈ ਹੈ। ਜੋ ਪਹਿਲਾਂ ਹੀ ਮਰਦਮਸ਼ੁਮਾਰੀ ਜਾਂ ਡਰੱਗ ਸੈਂਸਜ ਦੀ ਡਿਊਟੀ ਕਰ ਰਹੇ ਹਨ। ਫਗਵਾੜਾ ਤੋਂ 70 ਕਿਲੋਮੀਟਰ ਦੂਰ ਟੀਚਰ ਸੁਲਤਾਨ-ਪੁਰ ਲੋਧੀ ਵਿੱਚ ਇਲੈਕਸ਼ਨ ਕਰਾਉਣ ਲਈ ਭੇਜੇ ਜਾ ਰਹੇ ਹਨ।ਆਗੂਆਂ ਨੇ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਡਬਲ ਡਿਊਟੀ ਕੱਟੀ ਜਾਵੇ ਅਤੇ ਫਗਵਾੜਾ ਤਹਿਸੀਲ ਦੀ ਦੂਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਉੱਥੋਂ ਦੇ ਅਧਿਆਪਕਾਂ ਦੀ ਚੋਣਾਂ ਵਿੱਚ ਡਿਊਟੀ ਨਾ ਲਗਾਈ ਜਾਵੇ। ਜਿਨ੍ਹਾਂ ਇਸਤਰੀ ਕਰਮਚਾਰੀਆਂ ਦੇ ਬੱਚੇ ਛੋਟੇ ਹਨ ਜਾਂ ਕੋਈ ਗੰਭੀਰ ਬਿਮਾਰੀ ਤੋਂ ਪੀੜਤ ਹੈ ਉਸ ਕਰਮਚਾਰੀ ਦੀ ਚੋਣ ਡਿਊਟੀ ਪਹਿਲ ਦੇ ਅਧਾਰ ਤੇ ਕੱਟੀ ਜਾਵੇ। ਮਰਦਮ ਸ਼ੁਮਾਰੀ ਅਤੇ ਡਰੱਗ ਸੈਂਸਸ ਵਿੱਚ ਲੱਗੇ ਅਧਿਆਪਕਾਂ ਨੂੰ ਸਕੂਲਾਂ ਤੋਂ ਫਾਰਗ ਕਰਵਾਇਆ ਜਾਵੇ ਤਾਂ ਜੋ ਇਹ ਕੰਮ ਸਮੇਂ ਸਿਰ ਪੂਰਾ ਹੋ ਸਕੇ। ਇਸ ਸਭ ਤੇ ਐੱਸ ਡੀ ਐੱਮ ਅਮਨਪਾਲ ਸਿੰਘ ਨੇ ਅਧਿਆਪਕਾ ਦੇ ਵਫ਼ਦ ਨੂੰ ਵਿਸ਼ਵਾਸ ਦਿਵਾਇਆ ਕਿ ਅੱਜ ਸੈਸਜ ਡਿਊਟੀ ਲਈ ਅਧਿਆਪਕਾ ਨੂੰ ਫਾਰਗ ਕਰਨ ਸੰਬੰਧੀ ਪੱਤਰ ਜਾਰੀ ਹੋ ਜਾਵੇਗਾ ਤੇ ਚੋਣ ਡਿਊਟੀ ਸੰਬੰਧੀ ਹਰ ਤਰ੍ਹਾਂ ਗੰਭੀਰ ਕੇਸਾਂ ਤੇ ਚੋਣ ਡਿਊਟੀ ਲਈ ਦੂਰੀ ਦਾ ਧਿਆਨ ਰੱਖਿਆ ਜਾਵੇਗਾ। ਇਸ ਮੌਕੇ ਤੇ ਯਾਦਵਿੰਦਰ ਸਿੰਘ, ਸੁਖਵਿੰਦਰ ਸਿੰਘ,ਮਨਜਿੰਦਰ ਸਿੰਘ, ਸੁਖਵਿੰਦਰ ਸਿੰਘ ਠੱਟਾ, ਅਵਤਾਰ ਸਿੰਘ, ਪਰਦੀਪ ਸਿੰਘ ਟੋਨੀ, ਗੁਰਪ੍ਰੀਤ ਸਿੰਘ, ਰੇਸ਼ਮ ਸਿੰਘ, ਕੰਵਲਪ੍ਰੀਤ ਸਿੰਘ ਕੌੜਾ, ਅੰਮ੍ਰਿਤਪਾਲ ਸਿੰਘ,ਗੁਰਪ੍ਰੀਤ ਸਿੰਘ ਆਦਿ ਅਧਿਆਪਕ ਹਾਜ਼ਰ ਸਨ।

# ਬਾਰ੍ਹਵੀਂ 'ਚੋਂ ਪੰਜਾਬ ਭਰ 'ਚੋਂ 10ਵਾਂ ਸਥਾਨ ਹਾਸਲ ਕਰਨ ਵਾਲੀ ਹਰਸਿਮਰਨ ਕੌਰ ਦਾ ਪਿੰਡ ਲੋਹਟ ਵਾਸੀਆਂ ਵੱਲੋਂ ਵਿਸ਼ੇਸ਼ ਸਨਮਾਨ

**ਬਲਾਚੌਰ, 19 ਮਈ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਵਿੱਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਸਬ-ਡਿਵੀਜ਼ਨ ਬਲਾਚੌਰ ਦੇ 'ਸਕੂਲ ਆਫ਼ ਐਮੀਨੈਂਸ' ਮਹਿੰਦੀਪੁਰ ਦੀ ਹੋਣਹਾਰ ਵਿਦਿਆਰਥਣ ਹਰਸਿਮਰਨ ਕੌਰ ਨੇ ਸ਼ਾਨਦਾਰ ਮੱਲਾਂ ਮਾਰੀਆਂ ਹਨ। ਹਰਸਿਮ-ਰਨ ਕੌਰ ਨੇ ਕੁੱਲ 500 ਅੰਕਾਂ ਵਿੱਚੋਂ 491 ਅੰਕ ਪ੍ਰਾਪਤ ਕਰਕੇ ਜਿੱਥੇ ਪੰਜਾਬ ਭਰ ਦੀ ਮੈਰਿਟ ਸੂਚੀ ਵਿੱਚ ਦਸਵਾਂ ਸਥਾਨ ਹਾਸਲ ਕੀਤਾ ਹੈ, ਉੱਥੇ ਹੀ ਜ਼ਿਲ੍ਹੇ ਭਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੇ ਮਾਪਿਆਂ, ਪਿੰਡ ਅਤੇ ਪੂਰੇ ਇਲਾਕੇ ਦਾ ਨਾਂ ਰੋਸ਼ਨ ਕੀਤਾ ਹੈ।ਇਸ ਇਤਿਹ-ਾਸਕ ਪ੍ਰਾਪਤੀ ਦੀ ਖ਼ੁਸ਼ੀ ਵਿੱਚ ਅੱਜ ਪਿੰਡ ਲੋਹਟ ਵਿਖੇ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਉਲੀਕਿਆ ਗਿਆ, ਜਿਸ ਵਿੱਚ ਹੋਣਹਾਰ ਵਿਦਿਆਰਥਣ ਹਰਸਿਮਰਨ ਕੌਰ ਅਤੇ ਉਸ ਦੇ ਪਰਿਵਾਰ ਨੂੰ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਕਰਨ ਵੀਰ ਕਟਾਰੀਆ ਅਤੇ ਡਾ.



ਭੁਪਿੰਦਰ ਸਿੰਘ ਸੂਰੀ ਨੇ ਵਿਦਿਆਰਥਣ ਨੂੰ ਆਸ਼ੀਰਵਾਦ ਦਿੱਤਾ ਅਤੇ ਭਵਿੱਖ ਵਿੱਚ ਹੋਰ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਇਸ ਸਨਮਾਨ ਸਮਾਰੋਹ ਦੌਰਾਨ ਪਿੰਡ ਦੀ ਸਰਪੰਚ ਅਤੇ ਪੰਚਾਇਤ ਮੈਂਬਰਾਂ ਵੱਲੋਂ ਹਰਸਿਮਰਨ ਦੀ ਇਸ ਪ੍ਰਾਪਤੀ ਨੂੰ ਪੂਰੇ ਇਲਾਕੇ ਲਈ ਮਾਣ ਵਾਲੀ ਗੱਲ ਦੱਸਿਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਜਸਵਿੰਦਰ ਸਿੰਘ, ਮਨਮੋਹਨ ਸਿੰਘ, ਸਤਨਾਮ ਸਿੰਘ, ਹਰਮੇਸ਼ ਲਾਲ, ਬਲਜੀਤ ਸਿੰਘ, ਮਹਿੰਦਰ ਸਿੰਘ, ਅਮਨ ਸਹਿਜਪਾਲ, ਸੰਦੀਪ ਸਿੰਘ ਅਤੇ ਪੰਚਾਇਤ ਮੈਂਬਰ ਭੁਪਿੰਦਰ ਸਿੰਘ, ਗੁਰਮੁਖ ਸਿੰਘ, ਜਗਤਾਰ ਸਿੰਘ, ਜਸਬੀਰ ਸਿੰਘ, ਸਤਵਿੰਦਰ ਕੌਰ ਅਤੇ ਆਸ਼ਾ ਰਾਣੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸਮੂਹ ਹਾਜ਼ਰੀਨ ਨੇ ਬੱਚੀ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ ਅਤੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ।

# ਪਹਿਲਾਂ 31000 ਰੁਪਏ ਤਨਖਾਹ ਕਟੌਤੀ ਕੀਤੀ ਤੇ ਹੁਣ 2 ਮਹੀਨਿਆਂ ਤੋਂ ਤਨਖਾਹਾਂ ਵੀ ਰੋਕੀਆਂ - ਰਮੇਸ਼, ਗਗਨਦੀਪ, ਬਨਵਾਰੀ

- **31000 ਤਨਖਾਹ ਕਟੌਤੀ ਦੇ ਰੋਸ ਵਜੋਂ 23 ਮਈ ਨੂੰ ਵਿੱਤ ਮੰਤਰੀ ਹਰਪਾਲ ਚੀਮਾ ਦੇ ਘਰ ਬੱਚੇ ਛੱਡਣ ਜਾਣਗੇ 1007 ਦਫਤਰੀ ਮੁਲਾਜ਼ਮ**
- **1007 ਮੁਲਾਜ਼ਮਾਂ ਲਈ ਕੇਂਦਰ ਸਰਕਾਰ ਤੋਂ ਮਿਲਦੇ ਫੰਡ ਵਿਚੋਂ ਹਰ ਸਾਲ 23 ਕਰੋੜ ਦੀ ਬੱਚਤ ਕਰਕੇ ਖਜ਼ਾਨੇ ਜਮ੍ਹਾ ਕਰਵਾਉਣਾ ਚਾਹੁੰਦੀ ਸੂਬਾ ਸਰਕਾਰ**

**ਕਪੂਰਥਲਾ,19 ਮਈ (ਕੌੜਾ )-** ਇਕ ਪਾਸੇ ਸੂਬਾ ਸਰਕਾਰ ਦੇ ਮੁੱਖੀ ਭਗਵੰਤ ਮਾਨ ਅਤੇ ਵਿੱਤ ਮੰਤਰੀ ਹਰਪਾਲ ਚੀਮਾ ਇਸ ਗੱਲ ਤੇ ਸਰਕਾਰ ਦੀ ਤਾਰੀਫ ਕਰਦੇ ਨਹੀ ਥੱਕਦੇ ਕਿ ਉਨ੍ਹਾਂ ਦੀ ਸਰਕਾਰ ਨੇ ਸੂਬੇ ਦੇ ਹਰ ਨਾਗਿਰਕ ਨੂੰ ਹਰ ਸਹੂਲਤ ਦਿੱਤੀ ਹੈ ਅਤੇ ਸੂਬੇ ਕੋਲ ਵਿੱਤੀ ਸੰਸਾਧਨਾ ਦੀ ਕੋਈ ਥੁੜ ਨਹੀ ਹੈ ਪਰ ਦੂਜੇ ਪਾਸੇ ਸਰਕਾਰ ਦੇ ਇਸ ਦਗਮੇ ਦੀ ਪੋਲ ਖੁਲਦੀ ਨਜ਼ਰ ਆ ਰਹੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਰਮੇਸ਼ ਕੁਮਾਰ ਲਾਧੂਕਾ, ਗਗਨਦੀਪ ਸਿੰਘ, ਬਨਵਾਰੀ ਲਾਲ ਨੇ ਇੱਕ ਪ੍ਰੈੱਸ ਨੂੰ ਜਾਰੀ ਬਿਆਨ ਵਿਚ ਕੀਤਾ। ਉਹਨਾਂ ਕਿਹਾ ਕਿ ਸਿੱਖਿਆ ਵਿਭਾਗ ਵੱਲੋਂ ਕੇਂਦਰ ਸਰਕਾਰ ਤੋਂ ਪੂਰੇ ਫੰਡ ਮਿਲਣ ਦੇ ਬਾਵਜੂਦ ਸਿੱਖਿਆ ਵਿਭਾਗ ਦੇ 1007 ਦਫਤਰੀ ਮੁਲਾਜ਼ਮਾਂ ਦੀਆ ਫਰਵਰੀ 2026 ਤੋਂ ਤਨਖਾਹਾਂ ਤੇ 21000 ਤੋਂ 31000 ਤੱਕ ਦਾ ਕੱਟ ਲਗਾ ਦਿੱਤਾ ਹੈ। ਸਿੱਖਿਆ ਵਿਭਾਗ ਵੱਲੋਂ ਪਹਿਲਾਂ ਕਰਮਚਾਰੀਆ ਦੀਆਂ ਤਨਖਾਹਾਂ ਤੇ 31000-31000 ਦਾ ਕੱਟ ਲਗਾਇਆ ਗਿਆ ਅਤੇ ਹੁਣ ਮਾਰਚ 2026 ਤੋਂ ਕਰਮਚਾਰੀਆ ਦੀਆ ਤਨਖਾਹਾਂ ਵੀ ਰੋਕ ਦਿੱਤੀਆ ਗਈਆ ਹਨ। ਜਿਸ ਕਰਕੇ ਮੁਲਾਜ਼ਮ ਵਿੱਤੀ ਸੰਕਟ ਵਿਚੋਂ ਗੁਜਰਨ ਲਈ ਮਜ਼ਬੂਰ ਹੋ ਰਹੇ ਹਨ। ਕਿਉਂਕਿ ਇਹਨਾਂ ਦਿਨ੍ਹਾ ਦੋਰਾਨ ਬੱਚਿਆ ਦੇ ਪੇਪਰ ਅਤੇ ਨਵੀਆ ਐਡਮਿਸ਼ਨ ਲਈ ਸਕੂਲਾਂ ਵਿਚ ਦਾਖਲੇ, ਬੱਚਿਆ ਲਈ ਕਿਤਾਬਾ, ਵਰਦੀਆ ਆਦਿ ਲੈਣੇ ਹੁੰਦੇ ਹਨ।

ਇਹ 1007 ਕਰਮਚਾਰੀ ਲੰਬੇ ਸਮੇਂ ਤੋਂ ਸੇਵਾਵਾਂ ਰੈਗੂਲਰ ਕਰਨ ਦੀ ਮੰਗ ਕਰ ਰਹੇ ਸਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਦੀ ਵਜ਼ਾਰਤ ਵੱਲੋਂ 8 ਸਤੰਬਰ ਨੂੰ ਹੋਈ ਕੈਬਿਨਟ ਮੀਟਿੰਗ ਦੋਰਾਨ 1007 ਕਰਮਚਾਰੀਆ ਨੂੰ



ਰੈਗੂਲਰ ਕਰਨ ਦਾ ਮਤਾ ਪਾਸ ਕਰਨ ਦੇ ਨਾਲ ਨਾਲ ਕਰਮਚਾਰੀਆ ਦੀ ਤਨਖਾਹ ਤੇ 21000 ਤੋਂ 31000 ਕਟੌਤੀ ਕਰਨ ਦਾ ਮਤਾ ਪਾਸ ਕੀਤਾ ਸੀ ਜਿਸ ਦਾ ਨੋਟੀਫਿਕੇਸ਼ਨ 23.09.2025 ਨੂੰ ਕੀਤਾ ਗਿਆ ਪਰ ਵਿੱਤ ਮੰਤਰੀ ਹਰਪਾਲ ਚੀਮਾ ਨਾਲ ਹੋਈਆ ਮੀਟਿੰਗਾਂ ਦੋਰਾਨ ਉਨ੍ਹਾਂ ਵੱਲੋਂ ਵਾਰ ਵਾਰ ਭਰੋਸਾ ਦਿੱਤਾ ਗਿਆ ਕਿ ਤਨਖਾਹ ਦੀ ਕਟੌਤੀ ਨਹੀ ਹੋਵੇਗੀ ਪ੍ਰੰਤੂ ਸਿੱਖਿਆ ਵਿਭਾਗ ਵੱਲੋਂ 24 ਫਰਵਰੀ 2026 ਨੂੰ ਤਨਖਾਹ ਕਟੌਤੀ ਦੇ ਹੁਕਮ ਲਾਗੂ ਕਰ ਦਿੱਤੇ ਗਏ ਜਿਸ ਉਪਰੰਤ ਮੁਲਜ਼ਮਾਂ ਵੱਲੋਂ ਮੋਹਾਲੀ ਵਿਖੇ ਵੱਡਾ ਇਕੱਠ ਕਰਨ ਉਪਰੰਤ ਚੰਡੀਗੜ੍ਹ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਮਾਰਚ ਕੀਤਾ ਜਿਸ ਦੋਰਾਨ ਕਰਮਚਾਰੀਆ ਤੇ ਚੰਡੀਗੜ੍ਹ ਪੁਲਿਸ ਵੱਲੋਂ ਜਲ ਤੋਪਾਂ ਦੀ ਵਰਤੋ ਕੀਤੀ ਗਈ ਸੀ। ਮਿਤੀ 03 ਮਾਰਚ2026 16 ਅਪ੍ਰੈਲ 2026 ਅਤੇ 13 ਮਈ 2026 ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਪੰਜਾਬ ਭਵਨ ਅਤੇ ਸਿਵਲ ਸਕੱਤਰੇਤ ਵਿਖੇ ਹੋਈਆ ਮੀਟਿੰਗ ਦੋਰਾਨ ਉਨ੍ਹਾਂ ਵੱਲੋਂ ਮੁੜ ਭਰੋਸਾ ਦਿੱਤਾ ਗਿਆ ਸੀ ਕਿ ਤਨਖਾਹ ਕਟੌਤੀ ਨੂੰ ਰੋਕ ਕੇ ਮਸਲੇ ਦਾ ਹੱਲ ਕੀਤਾ ਜਾਵੇਗਾ ਪ੍ਰੰਤੂ ਮਸਲੇ ਜਿਓ ਦੀ ਤਿਓ ਹਨ ਹੋਰ ਤਾਂ ਹੋਰ ਕਰਮਚਾਰੀਆ ਦੀਆ ਮਾਰਚ 2026 ਤੋਂ ਤਨਖਾਹਾਂ ਵੀ ਰੋਕ ਦਿੱਤੀਆ ਗਈਆ ਹਨ।

ਜਥੇਬੰਦੀ ਦੇ ਆਗੂਆਂ ਦਾ ਕਹਿਣਾ ਹੈ ਕਿ ਕਰਮਚਾਰੀਆ ਨੂੰ ਰੈਗੂਲਰ ਕਰਨ ਸਮੇਂ ਕੈਬਿਨਟ ਵਿਚ ਪਾਸ ਕੀਤੇ ਮਤੇ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਕਰਮਚਾਰੀਆ ਦੀ ਤਨਖਾਹ ਕਟੌਤੀ ਨਾਲ ਸਰਕਾਰ ਦੇ ਖ਼ਜ਼ਾਨੇ ਵਿਚ ਤਕਰੀਬਨ 23 ਕਰੋੜ ਦੀ ਬੱਚਤ ਹੋਵੇਗੀ। ਸਰਕਾਰ ਮੁ਼ਲਾਜ਼ਮਾਂ ਦੀਆ ਤਨਖਾਹਾਂ ਵਧਾਉਣ ਦੀ ਬਜ਼ਾਏ ਤਨਖਾਹਾਂ ਤੇ ਕੱਟ ਲਗਾ ਕੇ ਖ਼ਜ਼ਾਨਾ ਭਰਨ ਦੀਆ ਵਿਉਤਾਂ ਘੜ ਰਹੀ ਹੈ। ਆਗੂਆ ਨੇ ਕਿਹਾ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਦਿੱਤੀਆ ਹਦਾਇਤਾਂ ਦੇ ਉਲਟ ਜਾ ਕੇ ਸਰਕਾਰ ਦੀ ਅਫਸਰਸ਼ਾਹੀ ਮੁਲਾਜ਼ਮਾਂ ਦਾ ਸੋਸ਼ਣ ਕਰਨ ਤੇ ਤੁਲੀ ਹੋਈ ਹੈ। ਵਿੱਤ ਵਿਭਾਗ ਦੇ ਅਧਿਕਾਰੀਆ ਵੱਲੋਂ ਕੀਤੇ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਜੋ ਕਰਮਚਾਰੀ ਅੱਜ 45000 ਤੋਂ 50000 ਤਨਖਾਹ ਲੈ ਰਹੇ ਹਨ ਉਨ੍ਹਾ ਦੀ ਤਨਖਾਹ ਦਾ ਕੇਂਦਰ ਦੀ ਸਰਕਾਰ ਤੋਂ ਹਰ ਸਾਲ ਸਮੇਤ ਸਲਾਨਾ ਵਾਧੇ ਨਾਲ ਫੰਡ ਪ੍ਰਾਪਤ ਕਰਨਾ ਹੈ ਪਰ ਕਰਮਚਾਰੀਆ ਨੂੰ ਸਿਰਫ ਬੇਸਿਕ ਤਨਖਾਹ 19900 ਤੇ ਕਟੌਤੀ ਉਪਰੰਤ 17700 ਦੇਣੀ ਹੈ । ਆਗੂਆ ਨੇ ਕਿਹਾ ਕਿ ਵਿੱਤ ਮੰਤਰੀ ਹਰਪਾਲ ਚੀਮਾ ਜੀ ਹਰ ਵਾਰ ਭਰੋਸਾ ਤਾਂ ਦਿੰਦੇ ਹਨ ਪਰ ਸੂਬੇ ਦੀ ਅਫਸਰਸ਼ਾਹੀ ਲਗਦਾ ਹੈ ਵਿੱਤ ਮੰਤਰੀ ਦੀ ਵੀ ਨਹੀ ਮੰਨ ਰਹੀ। ਆਗੂਆ ਨੇ ਕਿਹਾ ਕਿ 21000 ਤੋਂ 31000 ਤਨਖਾਹ ਕਟੌਤੀ ਨਾਲ ਕਰਮਚਾਰੀ ਆਪਣੇ ਬੱਚਿਆ ਦਾ ਪਾਲਣ ਪੋਸ਼ਣ ਨਹੀ ਕਰ ਸਕਣਗੇ ਇਸ ਲਈ ਉਨ੍ਹਾਂ ਫੈਸਲਾ ਕੀਤਾ ਹੈ ਕਿ ਮੁਲਾਜ਼ਮ 23 ਮਈ ਨੂੰ ਆਪਣੇ ਬੱਚੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਘਰ ਦਿੜਬਾ ਵਿਖੇ ਛੱਡ ਕੇ ਆਉਣਗੇ।

# ਅਧਿਆਪਕ ਦਲ ਪੰਜਾਬ ਦੀ ਹੋਈ ਚੋਣ ਵਿੱਚ ਸ਼ਮੂਲੀਅਤ ਕਰਨ ਵਾਲੇ ਸਾਰੇ ਜ਼ਿਲ੍ਹਾ ਆਗੂਆਂ ਦਾ ਧੰਨਵਾਦ- ਹਰਦੇਵ ਸਿੰਘ ਜਵੰਧਾ ਸੂਬਾ ਸਰਪ੍ਰਸਤ

- **ਅਧਿਆਪਕ ਦਲ ਪੰਜਾਬ ਦੇ ਜਥੇਬੰਦਕ ਢਾਂਚੇ ਦਾ ਵਿਸਥਾਰ ਬਹੁਤ ਜਲਦੀ- ਬਾਜ ਸਿੰਘ ਖਹਿਰਾ**
- **ਅਧਿਆਪਕ ਦਲ ਪੰਜਾਬ ਅਧਿਆਪਕ ਵਰਗ ਦੇ ਹੱਕਾਂ ਲਈ ਸੰਘਰਸ਼ ਕਰਦਾ ਰਹੇਗਾ- ਜਸਵਿੰਦਰ ਸਿੰਘ ਔਲਖ**

**ਕਪੂਰਥਲਾ, 19 ਮਈ ( ਵਿਸੇਸ ਪ੍ਰਤੀਨਿਧੀ)-** ਅਧਿਆਪਕ ਵਰਗ ਦੇ ਹੱਕਾਂ ਲਈ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੀ ਜਥੇਬੰਦੀ ਅਧਿਆਪਕ ਦਲ ਪੰਜਾਬ ਦੀ ਬੀਤੇ ਦਿਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਐਮੀਨੈਂਸ ਫਗਵਾੜਾ ਵਿਖੇ ਸਟੇਟ ਪੱਧਰੀ ਚੋਣ ਹੋਈ ਜਿਸ ਦੌਰਾਨ ਪੰਜਾਬ ਭਰ ਤੋਂ ਆਏ ਡੈਲੀਗੇਟਾਂ ਵੱਲੋਂ ਸਰਬਸੰਮਤੀ ਨਾਲ ਸਤਨਾਮ ਸਿੰਘ ਰੰਧਾਵਾ ਨੂੰ ਸੂਬਾ ਪ੍ਰਧਾਨ ਅਤੇ ਰਵਿੰਦਰਜੀਤ ਸਿੰਘ ਪੰਨੂੰ ਨੂੰ ਸੂਬਾ ਜਨਰਲ ਸਕੱਤਰ ਚੁਣਿਆ ਗਿਆ। ਇਸ ਸਟੇਟ ਪੱਧਰੀ ਚੋਣ ਵਿੱਚ ਸ਼ਮੂਲੀਅਤ ਕਰਨ ਵਾਲੇ ਸਾਰੇ ਜਿਲਾ ਆਗੂਆਂ ਦਾ ਧੰਨਵਾਦ ਕਰਦੇ ਹੋਏ ਸੂਬਾ ਸਰਪ੍ਰਸਤ ਹਰਦੇਵ ਸਿੰਘ ਜਵੰਧਾ ਨੇ ਦੱਸਿਆ ਪੰਜਾਬ ਦੇ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਜਨਰਲ ਸਕੱਤਰ ਦੀਆਂ ਹੋਈਆਂ ਚੋਣਾਂ ਤੋਂ ਬਾਅਦ ਇਹ ਸਟੇਟ ਪੱਧਰੀ ਚੋਣ ਕਰਵਾਈ ਗਈ ਜਿਸ ਵਿੱਚ ਸਾਰੇ ਜ਼ਿਲ੍ਹਾ ਆਗੂਆਂ ਨੇ ਬੜੇ ਉਤਸ਼ਾਹ ਨਾਲ



ਭਾਗ ਲਿਆ ਅਤੇ ਸੂਬਾ ਪ੍ਰਧਾਨ ਅਤੇ ਸੂਬਾ ਸਕੱਤਰ ਜਨਰਲ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ। ਇਸ ਮੌਕੇ ਅਧਿਆਪਕ ਦਲ ਦੇ ਕਨਵੀਨਰ ਬਾਜ ਸਿੰਘ ਖਹਿਰਾ ਨੇ ਦੱਸਿਆ ਕਿ ਸੂਬਾ ਪ੍ਰਧਾਨ ਅਤੇ ਸੂਬਾ ਸਕੱਤਰ ਦੀ ਚੋਣ ਤੋਂ ਬਾਅਦ ਬਹੁਤ ਜਲਦੀ ਜਥੇਬੰਦਕ ਢਾਂਚੇ ਦਾ ਵਿਸਥਾਰ ਕੀਤਾ ਜਾ ਰਿਹਾ ਹੈ। ਜਿਸ ਵਿੱਚ ਪਿਛਲੇ ਸਮੇਂ ਦੌਰਾਨ ਅਧਿਆਪਕ ਦਲ ਦੀ ਮਜ਼ਬੂਤੀ ਅਤੇ ਅਧਿਆਪਕ ਵਰਗ ਦੇ ਮਸਲਿਆਂ ਬਾਰੇ ਸੰਘਰਸ਼ ਕਰਨ ਵਾਲੇ ਆਗੂਆਂ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਅਧਿਆਪਕ ਦਲ ਦੇ ਸੂਬਾ ਕਨਵੀਨਰ ਜਸਵਿੰਦਰ ਸਿੰਘ ਔਲਖ ਨੇ ਦੱਸਿਆ ਅਧਿਆਪਕ ਦਲ ਪੰਜਾਬ ਅਧਿਆਪਕ ਵਰਗ ਦੇ ਹੱਕਾਂ ਲਈ ਹਮੇਸ਼ਾਂ ਸੰਘਰਸ਼ ਕਰਦਾ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਇਹਨਾਂ ਸੀਨੀਅਰ ਆਗੂਆਂ ਨੇ ਅਧਿਆਪਕ ਦਲ ਦੇ ਸਮੂਹ ਜ਼ਿਲ੍ਹਾ ਆਗੂਆਂ ਨੂੰ ਅਪੀਲ ਕੀਤੀ ਕਿ ਜਿਲਾ ਵਾਈਜ਼ ਅਧਿਆਪਕ ਦਲ ਦਾ ਢਾਂਚਾ ਸੰਗਠਿਤ ਕੀਤਾ ਜਾਵੇ ਅਤੇ ਅਧਿਆਪਕਾਂ ਦੇ ਹਰੇਕ ਪ੍ਰਕਾਰ ਦੇ ਮਸਲੇ ਦੇ ਨਿਪਟਾਰੇ ਜਾਂ ਮੰਗਾਂ ਦੀ ਪੂਰਤੀ ਲਈ ਅਧਿਆਪਕਾਂ ਦਾ ਸਹਿਯੋਗ ਕੀਤਾ ਜਾਵੇ ਕਿਉਂਕ ਅਧਿਆਪਕ ਦਲ ਪੰਜਾਬ ਦਾ ਨਿਸ਼ਾਨਾ ਸਰਬੱਤ ਦਾ ਭਲਾ ਹੈ ਅਤੇ ਅਧਿਆਪਕ ਦਲ ਇਸ ਨਿਸ਼ਾਨੇ ਦੀ ਪੂਰਤੀ ਲਈ ਹਰ ਸੰਭਵ ਯਤਨ ਕਰਦਾ ਰਹੇਗਾ।

# ਵਰਿੰਦਰ ਕੁਮਾਰ ਵਿੱਕੀ ਨੇ ਚੋਣ ਪ੍ਰਚਾਰ ਕੀਤਾ ਤੇਜ਼

## ਲੋਕਾਂ ਤੋਂ ਮਿਲ ਰਿਹਾ ਹੈ ਸਮਰਥਨ

**ਮੋਰਿੰਡਾ / ਚਮਕੌਰ ਸਾਹਿਬ 19 ਮਈ (ਸੁਖਵਿੰਦਰ ਸਿੰਘ ਹੈਪੀ)-** ਨਗਰ ਕੌਂਸਲ ਚਮਕੌਰ ਸਾਹਿਬ ਦੀਆਂ ਚੋਣਾਂ ਦੇ ਮੱਦੇਨਜ਼ਰ ਵਾਰਡ ਨੰਬਰ 11 ਤੋਂ ਐਮਸੀ ਉਮੀਦਵਾਰ ਵਰਿੰਦਰ ਕੁਮਾਰ ਵਿੱਕੀ ਵੱਲੋਂ ਚੋਣ ਪ੍ਰਚਾਰ ਮੁਹਿੰਮ ਨੂੰ ਹੋਰ ਤੇਜ਼ ਕਰ ਦਿੱਤਾ ਗਿਆ ਹੈ।

ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਹੱਕ ਵਿੱਚ ਲੋਕਾਂ ਨੂੰ ਕਾਂਗਰਸ ਪਾਰਟੀ ਦਾ ਸਾਥ ਦੇਣ ਦੀ ਅਪੀਲ ਕੀਤੀ। ਵਰਿੰਦਰ ਕੁਮਾਰ ਵਿੱਕੀ ਨੇ ਕਿਹਾ ਕਿ ਇਲ-ਾਕੇ ਦੇ ਵਿਕਾਸ, ਸਫ਼ਾਈ, ਪੀਣ ਵਾਲੇ ਸਾਫ਼ ਪਾਣੀ, ਸੀਵਰੇਜ ਪ੍ਰਬੰਧ, ਸਟਰੀਟ ਲਾਈਟਾਂ ਅਤੇ ਬੁਨਿਆਦੀ ਸਹੂਲਤਾਂ ਨੂੰ ਪਹਿਲ ਦੇ ਆਧਾਰ 'ਤੇ ਸੁਧਾਰਿਆ



ਜਾਵੇਗਾ। ਉਨ੍ਹਾਂ ਕਿਹਾ ਕਿ ਲੋਕਾਂ ਦੀ ਹਰ ਸਮੱਸਿਆ ਦਾ ਹੱਲ ਕਰਨਾ ਹੀ ਉਨ੍ਹਾਂ ਦੀ ਪਹਿਲ ਰਹੇਗੀ। ਉਨ੍ਹਾਂ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ 26 ਮਈ ਨੂੰ ਕਾਂਗਰਸ ਪਾਰਟੀ ਦੇ ਚੋਣ ਨਿਸ਼ਾਨ "ਹੱਥ ਪੰਜਾ" 'ਤੇ ਮੋਹਰ ਲਗਾ ਕੇ ਉਨ੍ਹਾਂ ਨੂੰ ਕਾਮਯਾਬ ਬਣਾਇਆ ਜਾਵੇ ਤਾਂ ਜੋ ਵਾਰਡ ਦੇ ਸਰਬਪੱਖੀ ਵਿਕਾਸ ਨੂੰ ਨਵੀਂ ਦਿਸ਼ਾ ਦਿੱਤੀ ਜਾ ਸਕੇ। ਉਨ੍ਹਾਂ ਦਾਅਵਾ ਕੀਤਾ ਕਿ ਇਲਾਕੇ ਦੇ ਲੋਕਾਂ ਵੱਲੋਂ ਉਨ੍ਹਾਂ ਨੂੰ ਭਰਪੂਰ ਸਮਰਥਨ ਮਿਲ ਰਿਹਾ ਹੈ ਅਤੇ ਕਾਂਗਰਸ ਪਾਰਟੀ ਇਸ ਵਾਰ ਵੱਡੀ ਜਿੱਤ ਦਰਜ ਕਰੇਗੀ।

# ਸਰਕਲ ਹੈਲਥ ਅੱਖਾਂ ਦਾ ਹਸਪਤਾਲ ਲੁਧਿਆਣਾ ਵੱਲੋਂ ਲਗਾਇਆ ਗਿਆ ਅੱਖਾਂ ਦਾ ਫਰੀ ਚੈਕਅੱਪ ਕੈਂਪ

## ਲੋੜਵੰਦ ਮਰੀਜ਼ਾਂ ਦੀ ਮੱਦਦ ਕਰਨਾ ਮਨੁੱਖਤਾ ਦੀ ਸੱਚੀ ਸੇਵਾ-ਇੰਦਰਜੀਤ ਸਿੰਘ ਮੱਕੜ

**ਲੁਧਿਆਣਾ 19 ਮਈ (ਕਰਨੈਲ ਸਿੰਘ ਐੱਮ.ਏ.)** ਗੁਰੂ ਗੋਬਿੰਦ ਸਿੰਘ ਜੀ ਚੈਰੀਟੇਬਲ ਹਸਪਤਾਲ, ਮਾਡਲ ਟਾਊਨ ਐਕਸਟੈਨਸ਼ਨ ਵਿਖੇ ਸਰਕਲ ਹੈਲਥ ਅੱਖਾਂ ਦਾ ਹਸਪਤਾਲ ਲੁਧਿਆਣਾ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਲਗਾਏ ਗਏ ਅੱਖਾਂ ਦੇ ਫਰੀ ਚੈਕਅੱਪ ਕੈਂਪ ਦਾ ਰਸਮੀ ਤੌਰ ਤੇ ਉਦਘਾਟਨ ਕਰਨ ਲਈ ਪੁੱਜੇ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਦੇ ਪ੍ਰਧਾਨ ਸ੍ਰ: ਇੰਦਰਜੀਤ ਸਿੰਘ ਮੱਕੜ ਕਿਹਾ ਕਿ ਇਨਸਾਨੀ ਕਦਰਾਂ ਕੀਮਤਾਂ ਤੇ ਪਹਿਰਾ ਦੇਣਾ ਅਤੇ ਆਪਣੀ ਉਸਾਰੂ ਸੋਚ ਨੂੰ ਸਮਾਜ ਭਲਾਈ ਦੇ ਕਾਰਜਾਂ ਵਿੱਚ ਲਗਾ ਕੇ ਲੋੜਵੰਦਾਂ ਦੀ ਸੇਵਾ ਕਰਨਾ ਹੀ ਸੱਚੀ ਮਨੁੱਖਤਾ ਦੀ ਸੇਵਾ ਹੈ। ਸ੍ਰ: ਇੰਦਰਜੀਤ ਸਿੰਘ ਮੱਕੜ ਨੇ ਕਿਹਾ ਕਿ ਅੱਖਾਂ ਦੀਆਂ ਬਿਮਾਰੀਆਂ ਨਾਲ ਪੀੜ੍ਹਤ ਮਰੀਜ਼ਾਂ ਦਾ ਫਰੀ ਚੈਕਅੱਪ ਕਰਕੇ ਉਨ੍ਹਾਂ ਨੂੰ ਨਿਸ਼ਕਾਮ ਰੂਪ ਵਿੱਚ ਦਵਾਈਆਂ ਉਪਲਬਧ ਕਰਵਾਉਣ ਵਾਲੀ ਸੰਸਥਾ ਸਰਕਲ ਹੈਲਥ ਅੱਖਾਂ ਦਾ ਹਸਪਤਾਲ ਲੁਧਿਆਣਾ ਦਾ ਉਪਰਾਲਾ ਸਮੁੱਚੇ ਸਮਾਜ ਲਈ ਪ੍ਰੇਰਣਾ ਦਾ ਸਰੋਤ ਹੈ। ਇਸ ਦੌਰਾਨ ਉਨ੍ਹਾਂ ਨੇ ਹਸਪਤਾਲ ਦੇ ਇੰਚਾਰਜ ਤੇ ਕੈਂਪ






ਦੇ ਮੁੱਖ ਪ੍ਰਬੰਧਕ ਡਾ: ਵੀਰ ਸਿੰਘ ਅਤੇ ਸਰਕਲ ਹੈਲਥ ਅੱਖਾਂ ਦਾ ਹਸਪਤਾਲ ਲੁਧਿਆਣਾ ਦੀ ਪ੍ਰਮੁੱਖ ਡਾਕਟਰ ਡਾ: ਨੀਲੀਮਾ ਐਰੇਨ ਅਤੇ ਉਨ੍ਹਾਂ ਦੀ ਟੀਮ ਦੇ ਮੈਂਬਰਾਂ ਸਮੇਤ, ਯਸੀਕਾ ਪੁਰੀ, ਡਾ: ਦੀਪਕਾ ਗੁਪਤਾ, ਡਾ: ਕੀਸਕੀਨਦਾ ਦੱਤਾ ਦੀ ਜ਼ੋਰਦਾਰ ਸ਼ਬਦਾਂ ਵਿੱਚ ਸ਼ਲਾਘਾ ਕੀਤੀ ਅਤੇ ਡਾਕਟਰ ਸਾਹਿਬਾਨ ਨੂੰ ਸਿਰੋਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ। ਇਸ ਦੌਰਾਨ ਲਗਾਏ ਗਏ ਅੱਖਾਂ ਦੇ ਫਰੀ ਮੈਡੀਕਲ ਚੈਕਅੱਪ ਕੈਂਪ ਸੰਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਕੈਂਪ ਦੇ ਮੁੱਖ ਪ੍ਰਬੰਧਕ ਡਾ: ਵੀਰ ਸਿੰਘ ਨੇ ਦੱਸਿਆ ਕਿ ਕੈਂਪ ਅੰਦਰ ਲਗਭਗ 120 ਦੇ ਕਰੀਬ ਮਰੀਜ਼ਾਂ ਪੁੱਜੇ, ਜਿਨ੍ਹਾਂ ਦੀਆਂ ਅੱਖਾਂ ਦਾ ਫਰੀ ਚੈਕਅੱਪ ਕੀਤਾ ਗਿਆ ਅਤੇ ਉਨ੍ਹਾਂ ਨੂੰ ਨਿਸ਼ਕਾਮ ਰੂਪ ਵਿੱਚ ਦਵਾਈਆਂ ਵੀ ਦਿੱਤੀਆਂ। ਇਸ ਸਮੇਂ ਉਨ੍ਹਾਂ ਦੇ ਨਾਲ ਸੁਖਵਿੰਦਰ ਸਿੰਘ ਹੈਪੀ ਕੋਚਰ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਮਹਿੰਗਾਈ ਦੀ ਜਨਨੀ ਭਾਜਪਾ ਅਤੇ ਭ੍ਰਿਸ਼ਟਾਚਾਰ ਨੂੰ ਸਿਖਰਾਂ 'ਤੇ ਪਹੁੰਚਾਉਣ ਵਾਲੀ 'ਆਪ' ਸਰਕਾਰ ਦੇ ਰਾਜ ਵਿੱਚ ਹਰ ਵਰਗ ਦੇ ਲੋਕ ਅਸੁਰੱਖਿਅਤ ਅਤੇ ਠੱਗਿਆ ਮਹਿਸੂਸ ਕਰ ਰਹੇ ਹਨ- ਬਾਵਾ

## ● ਕਿਹਾ- ਦੱਖਣੀ ਹਲਕੇ ਦੇ ਲੋਕ ਨਰਕ ਵਰਗੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਜਦਕਿ ਇਸ ਹਲਕੇ ਦੀ ਇੰਡਸਟਰੀ ਨੇ ਭਾਰਤ ਦੀ ਪਹਿਚਾਣ ਦੁਨੀਆ ਵਿੱਚ ਬਣਾਈ ● ਆਈ.ਪੀ.ਐੱਲ. ਬੰਦ ਕਰਨ ਦੀ ਭੁਪੇਸ਼ ਬੁਘੇਲ ਦੀ ਸਲਾਹ ਭਾਰਤ ਸਰਕਾਰ ਨੂੰ ਮੰਨ ਲੈਣੀ ਚਾਹੀਦੀ ਹੈ

**ਲੁਧਿਆਣਾ 19 ਮਈ (ਕਰਨੈਲ ਸਿੰਘ ਐੱਮ.ਏ.)-** ਡੀਜ਼ਲ, ਪੈਟਰੋਲ, ਗੈਸ ਦੀਆਂ ਕੀਮਤਾਂ ਵਿੱਚ ਵਾਧਾ,ਮਹਿੰਗਾਈ ਦਰ 3% ਤੋਂ 8% ਤੱਕ ਜਾਣਾ, ਭਾਰਤ ਦੀ ਅਰਥ ਵਿਵਸਥਾ ਦਾ ਤੀਸਰੇ ਨੰਬਰ ਤੋਂ ਛੇਵੇਂ ਨੰਬਰ 'ਤੇ ਜਾਣਾ ਹਰ ਭਾਰਤੀ ਦੇ ਲਈ ਚਿੰਤਾ ਦਾ ਵਿਸ਼ਾ ਹੈ ਪਰ ਭਾਜਪਾ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕ ਰਹੀ। ਇਹ ਸ਼ਬਦ ਅੱਜ ਹਲਕਾ ਦੱਖਣੀ ਵਿੱਚ ਮਹਿੰਗਾਈ, ਭ੍ਰਿਸ਼ਟਾਚਾਰ, ਲਾਅ ਐਂਡ ਆਰਡਰ ਵਿੱਚ ਨਿਘਾਰ ਵਿਸ਼ੇ 'ਤੇ ਜ਼ੋਰਦਾਰ ਰੋਸ ਮੁਜਾਹਰਾ ਕਰਦਿਆਂ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਕੁੱਲ ਹਿੰਦ ਕਾਂਗਰਸ (ਓ.ਬੀ.ਸੀ.) ਇੰਚਾਰਜ ਹਿਮਾਚਲ ਪ੍ਰਦੇਸ਼ ਨੇ ਕਹੇ। ਇਸ ਸਮੇਂ ਕਾਂਗਰਸੀ ਨੇਤਾ ਜਨਰਲ ਸਕੱਤਰ ਜ਼ਿਲ੍ਹਾ ਕਾਂਗਰਸ ਮਾਸਟਰ ਹਰੀਦੇਵ ਬਾਵਾ, ਰਾਕੇਸ਼ ਗੋਇਲ, ਰਤਨੇਸ਼ ਕੁਮਾਰ, ਕੈਪਟਨ ਮਲਕੀਤ ਸਿੰਘ ਵਾਲੀਆ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ਜਦ ਕਿ ਮੀਟਿੰਗ ਦਾ ਆਯੋਜਨ ਜਨਰਲ ਸਕੱਤਰ ਪ੍ਰਦੇਸ਼ ਕਾਂਗਰਸ (ਓ.ਬੀ.ਸੀ.) ਗੁਰਨਾਮ



ਸਿੰਘ ਕਲੇਰ ਅਤੇ ਜ਼ਿਲ੍ਹਾ ਕਾਂਗਰਸ (ਓ.ਬੀ.ਸੀ.) ਦੇ ਪ੍ਰਧਾਨ ਵਰਿੰਦਰ ਭੱਲਾ ਨੇ ਕੀਤਾ। ਇਸ ਮੌਕੇ ਉਹਨਾਂ ਕਿਹਾ ਕਿ ਹੁਣ ਭਾਰਤ ਦੇ ਲੋਕ ਡਾ: ਮਨਮੋਹਨ ਸਿੰਘ ਦੀ ਨੀਤੀ ਅਤੇ ਨੀਅਤ ਦੀ ਸਰਾਹਨਾ ਕਰਦੇ ਹਨ ਜਿਨ੍ਹਾਂ 1990-91 ਵਿੱਚ ਦੇਸ਼ ਦੀ ਅਰਥ ਵਿਵਸਥਾ ਡਾਵਾਂਡੋਲ ਹੋਣ 'ਤੇ ਹਾਲਾਤ ਨੂੰ ਦੂਰਅੰਦੇਸ਼ ਸੋਚ ਨਾਲ ਕੰਟਰੋਲ ਕਰਕੇ ਅਮਰੀਕਾ ਨੂੰ ਵੀ ਸੋਚਣ ਲਈ ਮਜ਼ਬੂਰ ਕਰ ਦਿੱਤਾ ਸੀ। ਉਹਨਾਂ ਕਿਹਾ ਕਿ ਪੰਜਾਬ ਵਿੱਚ ਭ੍ਰਿਸ਼ਟਾਚਾਰ ਚਰਨ ਸੀਮਾ 'ਤੇ ਹੈ, ਲਾਅ ਐਂਡ ਆਰਡਰ ਦੀ ਹਾਲਾਤ ਚਿੰਤਾਜਨਕ ਹੈ ਪਰ ਸਾਡੇ ਪੰਜਾਬ ਦੇ ਨੇਤਾਵਾਂ 'ਤੇ ਕਹਾਵਤ ਲਾਗੂ ਹੁੰਦੀ ਹੈ ਕਿ
"ਰੋਮ ਜਲ ਰਹਾ ਥਾ, ਨੀਰੂ ਬੰਸਰੀ ਵਜਾ ਰਹਾ ਥਾ"
ਇਸ ਸਮੇਂ ਬਾਵਾ ਨੇ ਭੁਪੇਸ਼ ਬੁਘੇਲ ਸਾਬਕਾ ਮੁੱਖ ਮੰਤਰੀ ਛੱਤੀਸਗੜ੍ਹ ਵੱਲੋਂ ਆਈ.ਪੀ.ਐਲ. ਬੰਦ ਕਰਨ ਦੀ ਭਾਰਤ ਸਰਕਾਰ ਨੂੰ ਦਿੱਤੀ ਸਲਾਹ ਦੀ ਸਰਾਹਨਾ ਕੀਤੀ ਅਤੇ ਭਾਜਪਾ ਸਰਕਾਰ ਨੂੰ ਸਲਾਹ ਮੰਨ ਲੈਣ ਲਈ ਕਿਹਾ। ਬਾਵਾ ਨੇ ਕਿਹਾ ਕਿ ਚਾਰ ਸਾਲ ਵਿੱਚ ਵਿਕਾਸ ਪੱਖੋਂ ਪੱਛੜੇ ਦੱਖਣੀ ਹਲਕੇ ਦੇ ਲੋਕ ਨਰਕ ਵਰਗੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਹਨ। ਉਹਨਾਂ ਕਿਹਾ ਕਿ ਇਸੇ ਹਲਕੇ ਵਿੱਚ ਬਣੀ ਇੰਡਸਟਰੀ ਨੇ ਭਾਰਤ ਦਾ ਨਾਮ ਨੂੰ ਦੁਨੀਆਂ ਵਿੱਚ ਪਹਿਚਾਣ ਦਿਵਾਉਣ ਲਈ ਵੱਡਾ ਰੋਲ ਅਦਾ ਕੀਤਾ ਹੈ। ਇਸ ਸਮੇਂ ਕਮਲ ਸ਼ੁਕਲਾ, ਕਰਮਵੀਰ ਸਿੰਘ, ਅਨੋਖ, ਅਮਰ ਲੂੰਬਾ, ਕੁਲਦੀਪ ਸਿੰਘ, ਹੈਪੀ ਜਸਰੋਟੀਆ, ਸਰਬਜੀਤ ਵਰਮਾ, ਮਨੀ ਸਿੰਘ, ਅਮਰਜੀਤ ਸਿੰਘ, ਬਲਦੇਵ ਰਾਜ, ਰਾਜੇਸ਼ ਸ਼ਰਮਾ, ਰਾਜ ਕੌਰ, ਮਮਤਾ ਰਾਣੀ, ਲਲਿਤਾ ਦੇਵੀ, ਵੀਨਾ ਰਾਣੀ, ਗੌਰੀ ਰਾਣਾ, ਵਿਜੇ ਲਕਸ਼ਮੀ, ਸੰਗੀਤਾ, ਅੰਜੂ ਰਾਣੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਜ਼ਿਲ੍ਹੇ ਵਿਚ ਮੂੰਹ ਢੱਕ ਕੇ ਡਰਾਈਵਿੰਗ ਕਰਨ ‘ਤੇ ਲਗਾਈ ਪਾਬੰਦੀ

## ਦੋਪਹੀਆ ਵਾਹਨਾਂ ਦੇ ਸਾਇਲੰਸਰ ਬਦਲਣ ਅਤੇ ਪਟਾਖੇ ਵਜਾਉਣ ਤੇ ਵੀ ਰਹੇਗੀ ਪੂਰਨ ਰੋਕ

**ਨਵਾਂਸ਼ਹਿਰ, 19 ਮਈ (ਮਨੋਰੰਜਨ ਕਾਲੀਆ)** ਜ਼ਿਲ੍ਹਾ ਮੈਜਿਸਟ੍ਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਆਮ ਨਾਗਰਿਕਾਂ ਨੂੰ ਦੋਪਹੀਆ ਵਾਹਨ ਚਲਾਉਂਦੇ ਹੋਏ ਮੂੰਹ ਢੱਕ ਕੇ/ਮੂੰਹ ਬੰਨ੍ਹ ਕੇ ਡਰਾਈਵਿੰਗ ਕਰਨ ‘ਤੇ ਪਾਬੰਦੀ ਲਗਾਈ ਹੈ। ਇਹ ਪਾਬੰਦੀ ਉਨ੍ਹਾਂ ਵਿਅਕਤੀਆਂ ‘ਤੇ ਲਾਗੂ ਨਹੀਂ ਹੋਵੇਗੀ, ਜਿਨ੍ਹਾਂ ਨੇ ਕਿਸੇ ਬਿਮਾਰੀ ਜਾਂ ਅਲਰਜੀ ਦੀ ਵਜ੍ਹਾ ਕਾਰਨ ਮੈਡੀਕਲ ਸੁਪਰਵਿਜ਼ਨ ਦੇ ਹੇਠਾਂ ਮਾਸਕ ਜਾਂ ਕੋਈ ਹੋਰ ਚੀਜ਼ ਪਹਿਨੀ ਹੋਵੇ। ਜ਼ਿਲ੍ਹਾ ਮੈਜਿਸਟਰੇਟ ਨੇ ਆਪਣੇ ਹੁਕਮ ਵਿਚ ਦੱਸਿਆ ਹੈ ਕਿ ਬਾਜ਼ਾਰਾਂ ਵਿਚ ਆਮ ਤੌਰ ਤੇ ਮੂੰਹ ਢੱਕ ਕੇ ਵਾਹਨ ਚਾਲਕਾਂ (ਖਾਸ ਤੌਰ ‘ਤੇ ਦੋਪਹੀਆ ਵਾਹਨ ਚਾਲਕਾਂ) ਵੱਲੋਂ ਲੁਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜ਼ਾਮ ਦਿੱਤਾ ਜਾਂਦਾ ਹੈ। ਮੂੰਹ ਢੱਕਣ ਨਾਲ ਅਪਰਾਧ ਕਰਨ ਵਾਲਿਆਂ ਦੀ ਪਹਿਚਾਣ ਕਰਨ ਵਿਚ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਜ਼ਿਲ੍ਹੇ ਅੰਦਰ ਮੂੰਹ ਢੱਕ ਕੇ ਅਪਰਾਧਿਕ ਵਾਰਦਾਤਾਂ ਨੂੰ ਰੋਕਣ ਲਈ
ਉਕਤ ਹੁਕਮ ਜਾਰੀ ਕੀਤੇ ਗਏ ਹਨ।ਇਸੇ ਤਰ੍ਹਾਂ ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਅਤੇ ਆਮ ਨਾਗਰਿਕਾਂ ਦੀ ਸਿਹਤ ਦੀ ਸੁਰੱਖਿਆ ਦੇ ਲਈ ਦੋਪਹੀਆ ਵਾਹਨਾਂ ਦੇ ਸਾਇਲੰਸਰ ਬਦਲਣ ਅਤੇ ਸਾਇਲੰਸਰ ਨਾਲ ਪਟਾਖੇ ਵਜਾਉਣ ਤੇ ਪੂਰਨ ਤੌਰ ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਹੁਕਮ ਸਾਇਲੰਸਰ ਬਦਲਣ ਵਾਲੇ ਦੁਕਾਨਦਾਰਾਂ/ਮਕੈਨਿਕਾਂ ਅਤੇ ਪਟਾਖੇ ਵਜਾਉਣ ਵਾਲੇ ਵਾਹਨ ਮਾਲਕਾਂ ਤੇ ਵੀ ਲਾਗੂ ਹੋਣਗੇ। ਉਪਰੋਕਤ ਦੋਵੇਂ ਹੁਕਮ 16 ਜੁਲਾਈ , 2026ਤੱਕ ਲਾਗੂ ਰਹਿਣਗੇ।

## ਸੂਰਜ ਚੰਨ ਸਿਤਾਰੇ ਜੁਗਨੂੰ

ਹਰ ਇੱਕ ਬੰਦੇ ਦੇ ਕੰਮ ਸਦਾ ,
ਕਨਸੋਆਂ ਵੰਡਦੇ ਰਹਿੰਦੇ ਨੇ ।
ਫੁੱਲ ਪੈਰਾਂ ਹੇਠ ਲਿਤਾੜੇ ਵੀ ,
ਖ਼ੁਸ਼ਬੋਆਂ ਵੰਡਦੇ ਰਹਿੰਦੇ ਨੇ ।
ਕੀ ਹੋਇਆ ਜੇ ਰੀਸ 'ਨੀਂ ਹੁੰਦੀ,
ਸੂਰਜ ਚੰਨ ਸਿਤਾਰਿਆਂ ਦੀ ,
ਅਪਣੇ ਵਿਤ ਮੁਤਾਬਿਕ ਜੁਗਨੂੰ ,
ਵੀ ਤਾਂ ਲੋਆਂ ਵੰਡਦੇ ਰਹਿੰਦੇ ਨੇ ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ -9914836037**

## AI (ਬਣਾਉਟੀ ਸਿਆਣਪ) ਦਾ ਜ਼ਮਾਨਾ

AI (ਬਣਾਉਟੀ ਸਿਆਣਪ) ਦੇ ਜ਼ਮਾਨੇ 'ਚ ਬਦਲ ਗਈਆਂ ਨੇ ਨਸਲਾਂ,
ਰੱਬ 'ਤੇ ਰਿਹਾ ਨਾ ਭਰੋਸਾ, ਝੱਟ ਬਦਲ ਲੈਂਦੇ ਨੇ ਸ਼ਕਲਾਂ।
ਕਲਮ ਫੜਨੀ ਨਾ ਜਾਣੇ, ਉਹ ਵੀ ਸ਼ਾਇਰ ਮਹਾਨ,
ਦੋ ਲਫ਼ਜ਼ ਪੁੱਛ ਛਹਓਟਘਫਠ (ਗੱਲਬਾਤੀ ਮਸ਼ੀਨ) ਤੋਂ, ਕਰਦਾ ਫਿਰੇ ਗੁਮਾਨ।
ਸੁਰ-ਤਾਲ ਦਾ ਪਤਾ ਨਹੀਂ, ਫਿਰ ਵੀ ਗਾਣੇ ਲੱਖਾਂ,
ਅੁਟੋ-ਠੁਨਇ (ਆਵਾਜ਼ ਸੋਧ ਯੰਤਰ) ਦੀ ਮਦਦ ਨਾਲ, ਭੇਡ ਵੀ ਮਾਰੇ ਅੱਖਾਂ।
ਸਵੇਰੇ ਫੋਟੋ ਜੰਗਲ 'ਚ, ਸ਼ਾਮੀ ਬਣੇ ਦੁਬਈ ਦੇ ਸ਼ੇਖ਼,
ਢਿਲਟਏਰ (ਨਕਲੀ ਰੂਪ) ਅਜਿਹਾ ਲਾਇਆ, ਮਾਂ ਕਹੇ "ਕੌਣ ਹੈਂ ਭੇਖ?"
ਪੜ੍ਹੇ-ਲਿਖੇ ਘਰ ਬੈਠੇ ਵਿਹਲੇ, ਡਿਗਰੀਆਂ ਰੱਦੀ ਦੇ ਭਾਅ,
ਜੋ Insta Reels (ਤਸਵੀਰ-ਬੋਲਦੇ ਪਰਦੇ) ਪਾਉਂਦਾ, ਉਸ ਨੂੰ ਪੈਸੇ ਤੇ ਵਾਹ-ਵਾਹ।
ਕਿਤਾਬਾਂ ਧੂੜ ਖਾ ਰਹੀਆਂ, ਮੋਬਾਈਲਾਂ 'ਚ ਉਲਝੇ ਲੋਕ,
ਨਕਲੀ ਦੁਨੀਆ ਦੇ ਪਿੱਛੇ, ਅਸਲੀਅਤ ਤੋਂ ਗਏ ਥੋੜ੍ਹ।
ਮਿਹਨਤ ਵਾਲੇ ਰੋਂਦੇ ਫਿਰਦੇ, ਠੱਗਾਂ ਦੀ ਬੱਲੇ-ਬੱਲੇ,
ਇੱਕ ਕਲਿੱਕ ਨਾਲ ਬਣੇ ਸਟਾਰ, ਸੱਚ ਨੂੰ ਪੈ ਗਏ ਤਾਲੇ।
ਅਸਲੀ ਹੁਨਰ ਗਿਆ ਤੇਲ ਲੈਣ, ਨਕਲੀ ਚਿਹਰਿਆਂ ਦੀ ਸਰਦਾਰੀ,
AI (ਬਣਾਉਟੀ ਸਿਆਣਪ) ਨੇ ਬੰਦੇ ਦੀ ਕਦਰ ਘਟਾ
'ਤੀ, ਗੁਰਮੀਤ ਹਰ ਗੱਲ 'ਚ ਹੁਸ਼ਿਆਰੀ।



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ, ਜਲੰਧਰ**

## ਹੰਝੂ ਹੀ ਸੀ

ਸੱਜਣਾਂ ਆਪਾਂ ਦੋ ਹੁੰਦੇ ਜੇ
ਸਭ ਜਜ਼ਬਾਤ ਲਕੋ ਹੁੰਦੇ ਜੇ
ਮੈਂ ਤੇਰਾ ਪਰਛਾਂਵਾਂ ਹੁੰਦਾ
ਨਾਂਵੇਂ ਦਾ ਸਿਰਨਾਵਾਂ ਹੁੰਦਾ
ਤੇਰੀ ਪੀੜ ਮੇਰੇ ਤੋਂ ਡਰਦੀ
ਜ਼ਖ਼ਮ ਮੇਰੇ ਦੀ ਹਾਮੀ ਭਰਦੀ
ਤੇਰੀ ਅੱਖ ਦੇ ਰੋਣ ਤੋਂ ਪਹਿਲਾਂ
ਅੱਖਰਾਂ ਵਿੱਚ ਪਰੋਣ ਤੋਂ ਪਹਿਲਾਂ
ਹੰਝੂ ਮੇਰੀ ਤਲ਼ੀਏ ਕਿਰਦਾ
ਪੂਰਾ ਹੁੰਦਾ ਵਾਅਦਾ ਚਿਰ ਦਾ
ਸਾਡਾ ਸਾਂਝਾ ਘਰ ਹੋਣਾ ਸੀ
ਨਾਲ਼ ਮੁਹੱਬਤ ਭਰ ਹੋਣਾ ਸੀ
ਰਾਤ ਦੀ ਰਾਣੀ ਅਰਗ ਚੜ੍ਹਾਉਂਦੀ
ਤਾਰਾ ਤੇਰੇ ਮੱਥੇ ਲਾਉਂਦੀ
ਐਪਰ ਭਾਗ 'ਚ ਲਿਖੀਆਂ ਥੋੜਾਂ
ਊਣੇ ਭਾਂਡੇ ਵੱਡੀਆਂ ਲੋੜਾਂ
ਇੱਕੋ ਰੂਹ ਤੇ ਜਾਨ ਵੀ ਇੱਕੋ
ਇੱਕੋ ਜਿੰਦ, ਜਹਾਨ ਵੀ ਇੱਕੋ
ਕਈ ਦਿਨਾਂ ਦਾ ਦਿਲ ਸੀ ਡਰਿਆ
ਕਿਉਂਕਰ ਨਹੀਂ ਤੂੰ ਚੇਤੇ ਕਰਿਆ
ਦਿਲ ਕਹਿੰਦਾ ਉਹ ਭੁੱਲ ਗਿਆ ਹੋਣਾ
ਹੰਝੂ ਹੀ ਸੀ ਡੁੱਲ੍ਹ ਗਿਆ ਹੋਣਾ
ਰਾਤੀਂ ਮੈਂਨੂੰ ਸੁਪਨਾ ਆਇਆ
ਵਲੀ ਕਿਸੇ ਬੂਹਾ ਖੜਕਾਇਆ
ਤੇਰੇ ਘੱਲੇ ਖ਼ਤ ਵੀ ਆਏ
ਜਿਹੜੇ ਤੂੰ ਮੈਂਨੂੰ ਨਹੀਂ ਪਾਏ
ਤੂੰ ਵਿੱਛੜਿਆ ਜਿਹੜੀ ਰੁੱਤੇ
ਬੋਲ ਮੇਰੇ ਓਦੋਂ ਦੇ ਸੁੱਤੇ
ਧਰਤੀ ਨੇ ਨੈਣਾਂ ਨੂੰ ਭਰਿਆ
ਤਾਂ ਅੰਬਰ ਨੇ ਚੇਤੇ ਕਰਿਆ
ਸਾਹ ਦਰਵੇਸ਼ਾ ਰੁਕ ਜਾਂਦਾ ਜੇ
ਤੈਥੋਂ ਪਹਿਲਾਂ ਮੁੱਕ ਜਾਂਦਾ ਜੇ
ਕਿੱਥੇ ਨਗਰ ਉਸਾਰ ਲਿਆ ਸੀ
ਬੰਦਾ ਮਨੋਂ ਵਿਸਾਰ ਲਿਆ ਸੀ
ਹਿਜਰ ਨੇ ਕੀਤੀ ਰਾਖੀ ਸਾਡੀ
ਦੱਸ ਜਰਾ ਗ਼ੁਸਤਾਖੀ ਸਾਡੀ
ਆਪਣੇ ਜਦੋਂ ਬੇਗ਼ਾਨੇ ਹੁੰਦੇ
ਨਿਭਦੇ ਨਹੀਂ ਯਾਰਾਨੇ ਨਹੀਂ ਹੁੰਦੇ
ਤੈਨੂੰ ਸਾਡੀ ਚੁੱਪ ਪਸੰਦ ਸੀ
ਕਵਿਤਾਵਾਂ ਦਾ ਬੂਹਾ ਬੰਦ ਸੀ



**ਰਿਤੂ ਵਾਸੂਦੇਵ**

## ਨੈਣਾਂ ਦਾ ਸਾਵਣ

ਪਿਆਰ ਦੀ ਅੱਗ 'ਚ ਜਲ ਕੇ ਕੁੰਦਨ ਹੋਣਾ,
ਹਰੇਕ ਦੇ ਭਾਗ 'ਚ ਨਹੀਂ ਕਿ ਦਰਪਣ ਹੋਣਾ।

ਤੇਰੇ ਨੈਣਾਂ 'ਚੋਂ ਪੜ੍ਹਿਆ ਜੋ ਸੰਦੇਸ਼ ਵਸਲ ਦਾ,
ਮਰੇ ਅਰਮਾਨਾਂ ਦਾ ਮੁੜ ਕੇ ਚਮਨ ਹੋਣਾ।

ਤੇਰੇ ਅੰਗਾਂ 'ਚ ਨਵਾਂ-ਨਿਕੋਰ ਜਲੌਅ ਦਿਸਦੈ,
ਚੜ੍ਹਦੀ ਉਮਰ 'ਚ ਲਾਟ ਬਣ ਬਦਨ ਹੋਣਾ।

ਵੇਖ ਕੇ ਸਭ ਕੁਝ ਲਾਪਰਵਾਹ ਹੋਣਾ ਤੇਰਾ,
ਅਸਾਂ ਦਾ ਤਨ, ਮਨ, ਧਨ ਵਾਰ ਕੇ ਧੰਨ ਹੋਣਾ।

ਤੇਰੀ ਖ਼ੁਸ਼ੀ ਲਈ ਤਾਂ ਈਮਾਨ ਵੀ ਕੁਰਬਾਨ,
ਛੋਹ ਦੀ ਮਿਲੇ ਇਨਾਇਤ ਜੇ ਚੰਦਨ ਹੋਣਾ।

ਤੇਰੇ ਵਾਲਾਂ 'ਚੋਂ ਮੋਤੀ ਬਣ ਕੇ ਕਿਰਨ ਬੂੰਦਾਂ,
ਜਿਵੇਂ ਗੰਗਾਜਲ 'ਚੋਂ ਨ੍ਹਾ ਕੇ ਪਾਵਨ ਹੋਣਾ।

ਅੱਖ ਦੀ ਘੂਰ ਦਾ ਅਸਰ ਤੂੰ ਵੇਖ 'ਸੁਰਜੀਤ',
ਨੈਣਾਂ ਮੇਰਿਆਂ ਦਾ ਵੱਸ ਕੇ ਸਾਵਣ ਹੋਣਾ।



**ਸੁਰਜੀਤ ਸਿੰਘ ਭੁੱਲਰ**



# ਹਲਕਾ ਵਿਧਾਇਕ ਸ: ਕੁਲਜੀਤ ਸਿੰਘ ਰੰਧਾਵਾ ਵੱਲੋਂ ਡੇਰਾਬੱਸੀ ਨਗਰ ਕੌਂਸਲ ਚੋਣ ਪ੍ਰਚਾਰ ਦਾ ਆਗਾਜ਼, 'ਆਪ' ਉਮੀਦਵਾਰਾਂ ਲਈ ਮੰਗਿਆ ਸਮਰਥਨ

**ਡੇਰਾਬੱਸੀ, 19 ਮਈ —ਸੰਜੀਵ ਸਿੰਘ ਸੈਣੀ ।** ਹਲਕਾ ਵਿਧਾਇਕ ਸ: ਕੁਲਜੀਤ ਸਿੰਘ ਰੰਧਾਵਾ ਵੱਲੋਂ ਡੇਰਾਬੱਸੀ ਨਗਰ ਕੌਂਸਲ ਚੋਣਾਂ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਦਾ ਆਗਾਜ਼ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਖ-ਵੱਖ ਵਾਰਡਾਂ ਵਿੱਚ ਪਹੁੰਚ ਕੇ ਲੋਕਾਂ ਨਾਲ ਮੁਲ-ਾਕਾਤ ਕੀਤੀ ਅਤੇ ਪਾਰਟੀ ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਚਾਰ ਸਾਲਾਂ ਦੌਰਾਨ ਲੋਕ ਹਿਤ ਵਿੱਚ ਕਈ ਇਤਿਹਾਸਕ ਫੈਸਲੇ ਲਏ ਗਏ ਹਨ ਅਤੇ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਸਥਾਨਕ ਪੱਧਰ 'ਤੇ ਵੀ ਇਮਾਨਦਾਰ ਅਤੇ ਲੋਕ-ਪੱਖੀ ਪ੍ਰਸ਼ਾਸਨ ਲਈ ਨਗਰ ਕੌਂਸਲ ਵਿੱਚ 'ਆਪ' ਦੀ ਮਜ਼ਬੂਤ ਟੀਮ ਦੀ ਲੋੜ ਹੈ। ਇਸ ਮੌਕੇ ਹਲਕਾ ਵਿਧਾਇਕ ਨੇ ਵਾਰਡ ਨੰਬਰ 7 ਤੋਂ ਸ਼੍ਰੀਮਤੀ ਬੀਪਨਦੀਪ ਕੌਰ ਪਤਨੀ ਸ਼੍ਰੀ ਦਵਿੰਦਰ ਸਿੰਘ ਬਿੰਦਰ, ਵਾਰਡ ਨੰਬਰ 8 ਤੋਂ ਸ਼੍ਰੀ ਅਜੇ ਕੁਮਾਰ, ਵਾਰਡ ਨੰਬਰ 9 ਤੋਂ ਸ਼੍ਰੀਮਤੀ ਨਰਿੰਦਰ ਕੌਰ ਪਤਨੀ ਸ਼੍ਰੀ ਮੋਹਨ ਸਿੰਘ, ਵਾਰਡ ਨੰਬਰ 11 ਤੋਂ ਸ਼੍ਰੀਮਤੀ ਕਿਰਨ ਪਤਨੀ ਸ਼੍ਰੀ ਕਰਮ ਸਿੰਘ, ਵਾਰਡ ਨੰਬਰ 12 ਤੋਂ ਸ਼੍ਰੀ ਭੁਪਿੰਦਰ ਸ਼ਰਮਾ ਅਤੇ ਵਾਰਡ ਨੰਬਰ 13 ਤੋਂ ਸ਼੍ਰੀਮਤੀ ਰਾਜਿੰਦਰ ਕੌਰ ਪਤਨੀ ਸ਼੍ਰੀ ਬਲਕਾਰ ਸਿੰਘ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦੇ ਹੋਏ ਲੋਕਾਂ ਤੋਂ ਸਮਰਥਨ ਮੰਗਿਆ।







ਇਸ ਦੌਰਾਨ ਵਾਰਡ ਨੰਬਰ 9 ਵਿੱਚ ਹੋਈ ਮੀਟਿੰਗ ਦੌਰਾਨ ਕਈ ਪਰਿਵਾਰਾਂ ਨੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਨੂੰ ਅਲਵਿਦਾ ਕਹਿੰਦੇ ਹੋਏ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ। ਹਲਕਾ ਵਿਧਾਇਕ ਸ: ਕੁਲਜੀਤ ਸਿੰਘ ਰੰਧਾਵਾ ਨੇ ਪਾਰਟੀ ਵਿੱਚ ਸ਼ਾਮਲ ਹੋਏ ਪਰਿਵਾਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਲੋਕਾਂ ਦਾ ਵੱਧਦਾ ਵਿਸ਼ਵਾਸ ਪਾਰਟੀ ਦੀਆਂ ਨੀਤੀਆਂ ਅਤੇ ਵਿਕਾਸ ਪੱਖੀ ਸੋਚ ਦੀ ਜਿੱਤ ਹੈ।

## ਕੇ.ਵੀ.ਕੇ., ਸ਼ਹੀਦ ਭਗਤ ਸਿੰਘ ਨਗਰ ਵੱਲੋਂ ਖਾਦਾਂ ਦੀ ਸੰਤੁਲਿਤ ਵਰਤੋਂ ਬਾਰੇ ਜਾਗਰੂਕਤਾ ਕੈਂਪ ਆਯੋਜਿਤ



**ਨਵਾਂਸ਼ਹਿਰ 19 ਮਈ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਅਤੇ ਆਈ. ਸੀ. ਏ.ਆਰ. - ਅਟਾਰੀ ਦੀ ਅਗਵਾਈ ਹੇਠ, ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ ਵੱਲੋਂ 'ਸਕੂਲ ਆਫ਼ ਐਮੀਨੈਂਸ' ਵਿਖੇ 'ਖਾਦਾਂ ਦੀ ਸੰਤੁਲਿਤ ਵਰਤੋਂ ਵਿਸ਼ੇ 'ਤੇ ਇੱਕ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਪ੍ਰੋਗਰਾਮ ਵਿੱਚ ਕੁੱਲ 108 ਪੇਂਡੂ ਨੌਜਵਾਨ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ।ਕੈਂਪ ਦੌਰਾਨ ਡਾ. ਪ੍ਰਦੀਪ ਕੁਮਾਰ, ਐਸੋਸੀਏਟ ਡਾਇਰੈਕਟਰ (ਟ੍ਰੇਨਿੰਗ) ਨੇ ਖਾਦਾਂ ਦੀ ਸੰਤੁਲਿਤ ਵਰਤੋਂ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਣ ਅਤੇ ਟਿਕਾਊ ਖੇਤੀ ਉਤਪਾਦਨ ਨੂੰ ਯਕੀਨੀ ਬਣਾਉਣ ਲਈ ਜੈਵਿਕ ਖਾਦਾਂ (ਰੂੜੀ ਦੀ ਖਾਦ) ਅਤੇ ਬਾਇਓ- ਫਰਟੀਲਾਈਜ਼ਰਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਇਸ ਗੱਲ 'ਤੇ ਵਿਸ਼ੇਸ਼ ਜ਼ੋਰ ਦਿੱਤਾ ਕਿ ਮਨੁੱਖੀ ਸਿਹਤ ਦੀ ਰੱਖਿਆ ਲਈ ਮਿੱਟੀ ਦੀ ਸਿਹਤ ਨੂੰ ਬਚਾਉਣਾ ਬੇਹੱਦ ਜ਼ਰੂਰੀ ਹੈ। ਡਾ. ਰਜਿੰਦਰ ਕੌਰ, ਸਹਾਇਕ ਪ੍ਰੋਫੈਸਰ (ਹੋਮ ਸਾਇੰਸ) ਨੇ ਪੇਂਡੂ ਕੁੜੀਆਂ ਅਤੇ ਔਰਤਾਂ ਵਿੱਚ ਕੁਪੋਸ਼ਣ ਦੀ ਸਮੱਸਿਆ ਨੂੰ ਦੂਰ ਕਰਨ ਲਈ ਸੰਤੁਲਿਤ ਖੁਰਾਕ ਦੇ ਮਹੱਤਵ ਬਾਰੇ ਸਮਝਾਇਆ। ਇਸ ਦੇ ਨਾਲ ਹੀ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਿੱਚ ਦਾਖ਼ਲੇ ਦੀ ਪ੍ਰਕਿਰਿਆ ਅਤੇ ਉੱਥੇ ਉਪਲਬਧ ਉੱਚ ਸਿੱਖਿਆ ਦੇ ਵੱਖ-ਵੱਖ ਮੌਕਿਆਂ ਬਾਰੇ ਵੀ ਮਾਰਗਦਰਸ਼ਨ ਕੀਤਾ। ਇਸੇ ਤਰ੍ਹਾਂ ਰੇਣੂ ਬਾਲਾ, ਡੈਮੋਨਸਟਰ (ਹੋਮ ਸਾਇੰਸ) ਨੇ ਪ੍ਰੋਗਰਾਮ ਵਿੱਚ ਸ਼ਾਮਲ ਨੌਜਵਾਨਾਂ ਨੂੰ ਕੇ.ਵੀ.ਕੇ. ਵੱਲੋਂ ਪੇਂਡੂ ਕਿਸਾਨਾਂ ਅਤੇ ਬੀਬੀਆਂ ਲਈ ਚਲਾਏ ਜਾ ਰਹੇ ਵੱਖ-ਵੱਖ ਸਿਖਲਾਈ ਕੋਰਸਾਂ ਬਾਰੇ ਜਾਣੂ ਕਰਵਾਇਆ ।ਪ੍ਰੋਗਰਾਮ ਦੇ ਅਖੀਰ ਵਿੱਚ ਸਕੂਲ ਆਫ ਐਮੀਨੈਂਸ ਦੇ ਪ੍ਰਿੰਸੀਪਲ ਸਰਬਜੀਤ ਸਿੰਘ ਨੇ ਪੀ.ਏ.ਯੂ. ਕੇ.ਵੀ.ਕੇ. ਦੀ ਟੀਮ ਦੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਲਈ ਅਜਿਹਾ ਗਿਆਨਵਰਧਕ ਅਤੇ ਲਾਹੇਵੰਦ ਪ੍ਰੋਗਰਾਮ ਉਲੀਕਣ ਲਈ ਕਿਸੀ ਵਿਗਿਆਨ ਕੇਂਦਰ ਦੀ ਪੂਰੀ ਟੀਮ ਦਾ ਧੰਨਵਾਦ ਕੀਤਾ।

## ਲੁਧਿਆਣਾ: ਬਾਬਾ ਰੁਲਦਾ ਸਿੰਘ ਦੀ " ਚੜ੍ਹਦੇ ਸੂਰਜ ਦੀਆਂ ਸਤਰੰਗੀ ਕਿਰਨਾਂ" ਕਿਤਾਬ ਵਿਧਾਇਕ ਸੰਗੋਵਾਲ ਅਤੇ ਹੋਰਨਾਂ ਨੇ ਕੀਤੀ ਰਿਲੀਜ਼

### ਨੌਜਵਾਨ ਪੀੜੀ ਲਈ ਪ੍ਰੇਰਣਾ ਸਰੋਤ ਹੈ ਏਹ ਕਿਤਾਬ - ਵਿਧਾਇਕ ਸੰਗੋਵਾਲ

**ਲੁਧਿਆਣਾ 19 ਮਈ (ਹਰਜਿੰਦਰ ਪਾਲ ਛਾਬੜਾ)** ਬਾਬਾ ਰੁਲਦਾ ਸਿੰਘ ਸਾਇਆਂ ਕਲਾਂ ਵਲੋਂ ਜ਼ਿੰਦਗੀ ਦੇ ਤਜਰਬਿਆਂ ਦੀ ਇਬਾਰਤ ਬਾਰੇ ਲਿਖੀ ਗਈ ਕਿਤਾਬ " ਚੜਦੇ ਸੂਰਜ ਦੀਆਂ ਸਤਰੰਗੀ ਕਿਰਨਾ" ਨੂੰ ਅੱਜ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਜਰਖੜ ਖੇਡ ਸਟੇਡੀਅਮ ਵਿਖੇ ਰਿਲੀਜ਼ ਕੀਤਾ।ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਆਖਿਆ ਕਿ ਬਾਬਾ ਰੁਲਦਾ ਸਿੰਘ ਸਾਇਆ ਕਲਾ ਸਾਡੇ ਇਲਾਕੇ ਦੀ ਹਰਮਨ ਪਿਆਰੀ ਸਖਸ਼ੀਅਤ ਹਨ। ਬਾਬਾ ਰੁਲਦਾ ਸਿੰਘ ਇੱਕ ਉਸਾਰੂ ਸੋਚ ਅਤੇ ਸਾਰਥਿਕ ਸੇਧ ਦੇਣ ਵਾਲੀ ਸ਼ਖਸੀਅਤ ਹਨ। ਉਹ ਇਕ ਦਹਾਕੇ ਤੋਂ ਵੱਧ ਸਮਾਂ ਜਰਖੜ ਹਾਕੀ ਅਕੈਡਮੀ ਦੇ ਬੱਚਿਆਂ ਨਾਲ ਵੀ ਜੁੜੇ ਰਹੇ ਹਨ। ਅਕੈਡਮੀ ਦੇ ਬੱਚਿਆਂ ਲਈ ਉਨ੍ਹਾਂ ਦੀ ਭੂਮਿਕਾ ਹਮੇਸ਼ਾ ਹੀ ਪ੍ਰੇਰਨਾ ਸਰੋਤ ਰਹੀ ਹੈ।ਬਾਬਾ ਰੁਲਦਾ ਸਿੰਘ ਹੋਰਾਂ ਨੇ ਆਪਣੀ 80 ਸਾਲ ਦੇ ਉਮਰ ਵਿੱਚ ਜੋ _" ਚੜ੍ਹਦੇ ਸੂਰਜ ਦੀਆਂ ਸਤਰੰਗੀ ਕਿਰਨਾਂ" ਕਿਤਾਬ ਲਿਖੀ ਹੈ ਉਹ ਨੌਜਵਾਨਾਂ ਲਈ ਇੱਕ ਪ੍ਰੇਰਨਾ ਸਰੋਤ ਹੈ। ਇਹ ਕਿਤਾਬ ਏਹ ਸਿੱਧ ਕਰ ਰਹੀ ਹੈ ਕਿ ਬੁਢਾਪਾ ਸਿਰਫ ਮੰਨਣ ਵਾਲਿਆਂ ਕੋਲ ਆਉਂਦਾ ਹੈ, ਸੰਘਰਸ਼ੀ ਜਿੰਦਗੀ ਜਿਉਣ ਵਾਲੇ ਤਾਂ ਹਮੇਸ਼ਾ ਜਵਾਨ ਹੀ ਰਹਿੰਦੇ ਹਨ। ਉਹਨਾਂ ਦਾ ਕਿਤਾਬ ਲਿਖਣ ਦਾ ਮਕਸਦ ਵੀ ਇਹੀ ਹੈ, ਉਹਨਾਂ ਨੇ ਇਸ ਕਿਤਾਬ ਵਿੱਚ ਆਪਣੀ ਜ਼ਿੰਦਗੀ ਦੇ ਅੱਠ ਦਹਾਕਿਆ ਦੇ ਖੱਟੇ ਮਿੱਠੇ ਤਜਰਬਿਆਂ ਦਾ ਵਰਨਣ ਕੀਤਾ ਹੈ। ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਆਖਿਆ ਕਿ ਬਾਬਾ ਰੁਲਦਾ ਸਿੰਘ ਜੀ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਇਹ ਕਿਤਾਬ ਪਾਠਕਾਂ ਨਾਲ ਸਾਂਝੀ ਕੀਤੀ ਹੈ । ਇਸ ਕਿਤਾਬ ਤੋਂ ਨੌਜਵਾਨਾਂ ਨੂੰ ਬਹੁਤ ਕੁੱਝ ਸਿੱਖਣ ਨੂੰ ਮਿਲੇਗਾ। ਇਸ ਮੌਕੇ ਖੇਡ ਲੇਖਕ ਜਗਰੂਪ ਸਿੰਘ ਜਰਖੜ ਨੇ ਵੀ ਬਾਬਾ ਰੁਲਦਾ ਸਿੰਘ ਨੂੰ " ਚੜਦੇ ਸੂਰਜ ਦੀਆਂ ਸਤਰੰਗੀ ਕਿਰਨਾਂ " ਕਿਤਾਬ ਲਿਖਣ ਤੇ ਵਧਾਈ ਦਿੱਤੀ ਅਤੇ ਨੌਜਵਾਨਾਂ ਨੂੰ ਬੇਨਤੀ ਕੀਤੀ ਕਿ ਹਰ ਇੱਕ ਨੂੰ ਇਹ ਕਿਤਾਬ ਜ਼ਰੂਰ ਪੜਨੀ ਚਾਹੀਦੀ ਹੈ।




**ਲੇਖਕ ਬਾਬਾ ਰੁਲਦਾ ਸਿੰਘ ਸਾਇਆ ਕਲਾ ਵੱਲੋਂ ਲਿਖੀ ਗਈ ਕਿਤਾਬ ਚੜਦੇ ਸੂਰਜ ਦੀਆਂ ਸਤਰੰਗੀ ਕਿਰਨਾਂ ਨੂੰ ਰਿਲੀਜ ਕਰਦੇ ਹੋਏ ਵਿਧਾਇਕ ਜੀਵਨ ਸਿੰਘ ਸੰਗੋਵਾਲ ,ਜਗਰੂਪ ਸਿੰਘ ਜਰਖੜ ਗੁਰਸੇਵਕ ਸਿੰਘ ਘਵੱਦੀ ਅਤੇ ਹੋਰ।**

ਇਸ ਮੌਕੇ ਬਾਬਾ ਗੁਰਸੇਵਕ ਸਿੰਘ ਘਵੱਦੀ , ਅਮਰੀਕ ਸਿੰਘ ਮਿਨਹਾਸ , ਸੁਖਵਿੰਦਰ ਸਿੰਘ,ਬਲਰਾਜ ਸਿੰਘ ਗਿੱਲ, ਹਰਦੀਪ ਸਿੰਘ ਬੀਰਮਪੁਰ ਕੁਲਦੀਪ ਸਿੰਘ ਘਵੱਦੀ , ਸ਼ਿੰਗਾਰਾ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਬੂਟਾ ਸਿੰਘ ਸਿੱਧੂ ਦੋਰਾਹਾ, ਅਜੀਤ ਸਿੰਘ ਲਾਦੀਆ ,ਕੁਲਵਿੰਦਰ ਸਿੰਘ ਟੋਨੀ ਘਵੱਦੀ,ਸੁਖਦੇਵ ਸਿੰਘ ਡੇਹਲੋਂ ,ਇਕਵਾਲ ਸਿੰਘ ਕਾਲਖ, ਤਜਿੰਦਰ ਸਿੰਘ ਜਰਖੜ ਆਦ ਹੋਰ ਇਲਾਕੇ ਦੀਆਂ ਸ਼ਖਸੀਅਤਾਂ ਹਾਜ਼ਰ ਸਨ।98143-00722

# ਪੱਤਰਕਾਰ ਭਾਈਚਾਰੇ ਅਤੇ ਸਮਾਜਿਕ ਜਥੇਬੰਦੀਆਂ ਵੱਲੋਂ ਹਰਜਿੰਦਰ ਸਿੰਘ ਛਿੱਬਰ ਨੂੰ ਭਰਪੂਰ ਸਮਰਥਨ

**ਮੋਰਿੰਡਾ, 19 ਮਈ (ਸੁਖਵਿੰਦਰ ਸਿੰਘ ਹੈਪੀ)–** ਨਗਰ ਕੌਂਸਲ ਮੋਰਿੰਡਾ ਦੇ ਵਾਰਡ ਨੰਬਰ 14 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਅਤੇ ਪੱਤਰਕਾਰ ਹਰਜਿੰਦਰ ਸਿੰਘ ਛਿੱਬਰ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਵੱਡਾ ਹੁਲਾਰਾ ਮਿਲਿਆ, ਜਦੋਂ ਮੋਰਿੰਡਾ ਦੇ ਸਮੂਹ ਪੱਤਰਕਾਰ ਭਾਈਚਾਰੇ ਅਤੇ ਵੱਖ-ਵੱਖ ਸਮਾਜਿਕ ਜਥੇਬੰਦੀਆਂ ਵੱਲੋਂ ਉਨ੍ਹਾਂ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਐਲਾਨ ਕੀਤਾ ਗਿਆ। ਇਸ ਦੌਰਾਨ ਪੱਤਰਕਾਰਾਂ ਅਤੇ ਸਮਾਜਿਕ ਆਗੂਆਂ ਨੇ ਸਾਂਝੇ ਤੌਰ ‘ਤੇ ਘਰ-ਘਰ ਜਾ ਕੇ ਹਰਜਿੰਦਰ ਸਿੰਘ ਛਿੱਬਰ ਲਈ ਵੋਟਾਂ ਦੀ ਅਪੀਲ ਵੀ ਕੀਤੀ।

ਇਸ ਮੌਕੇ ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਸੂਬਾ ਪ੍ਰਧਾਨ ਜੈ ਸਿੰਘ ਛਿੱਬਰ ਨੇ ਕਿਹਾ ਕਿ ਹਰਜਿੰਦਰ ਸਿੰਘ ਛਿੱਬਰ ਲੋਕਤੰਤਰ ਦੀ ਮਜ਼ਬੂਤੀ ਅਤੇ ਵਾਰਡ ਦੇ ਸਰਬਪੱਖੀ ਵਿਕਾਸ ਦੇ ਮਕਸਦ ਨਾਲ ਚੋਣ ਮੈਦਾਨ ਵਿੱਚ ਉਤਰੇ ਹਨ। ਉਨ੍ਹਾਂ ਕਿਹਾ ਕਿ ਇਮਾਨਦਾਰ ਅਤੇ ਲੋਕਾਂ ਨਾਲ ਜੁੜੇ ਹੋਏ ਉਮੀਦਵਾਰ ਦੇ ਹੱਕ ਵਿੱਚ ਪੱਤਰਕਾਰ ਭਾਈਚਾਰੇ



ਅਤੇ ਸਮਾਜਿਕ ਸੰਸਥਾਵਾਂ ਦਾ ਇਕੱਠ ਹੋਣਾ ਲੋਕਾਂ ਦੇ ਭਰੋਸੇ ਦੀ ਨਿਸ਼ਾਨੀ ਹੈ। ਉਨ੍ਹਾਂ ਸਮੂਹ ਇਲਾਕਾ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸ਼ਹਿਰ ਦੇ ਵਿਕਾਸ ਅਤੇ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਹਰਜਿੰਦਰ ਸਿੰਘ ਛਿੱਬਰ ਨੂੰ ਭਾਰੀ ਬਹੁਮਤ ਨਾਲ ਕਾਮਯਾਬ ਬਣਾਇਆ ਜਾਵੇ।

ਇਸ ਮੌਕੇ ਸੁਪਰਡੈਂਟ ਭਾਗ ਸਿੰਘ ਮਕੜੌਨਾ, ਅਜੀਤ ਸਿੰਘ, ਸਮਾਜਿਕ ਆਗੂ ਪਰਵਿੰਦਰ ਸਿੰਘ ਸੋਨੂੰ ਖੂਰਲ, ਹਰਜੀਤ ਸਿੰਘ ਸੱਲਾ (ਜਨਰਲ ਸਕੱਤਰ, ਬਾਬਾ ਵਿਸ਼ਵਕਰਮਾ ਵੈਲਫੇਅਰ ਸੁਸਾਇਟੀ ਮੋਰਿੰਡਾ), ਗੁਰਿੰਦਰ ਸਿੰਘ ਗੋਗੀ (ਸਾਬਕਾ ਪ੍ਰਧਾਨ ਵਿਸ਼ਵਕਰਮਾ ਸਭਾ ਮੋਰਿੰਡਾ), ਅਵਤਾਰ ਸਿੰਘ ਬੱਬਲੂ, ਅਮਰੀਕ ਸਿੰਘ ਡੱਫੂ, ਗੁਰਵਿੰਦਰ ਸਿੰਘ ਰੀਹਲ, ਸੂਬੇਦਾਰ ਸੰਤੋਖ ਸਿੰਘ, ਮਹਿਲਾ ਚੇਤਨਾ ਮੰਚ ਦੀ ਆਗੂ ਬਲਜੀਤ ਕੌਰ ਛਿੱਬਰ, ਰਾਣੀ ਰੁਪਿੰਦਰ ਕੌਰ, ਐਡਵੋਕੇਟ ਕੋਮਲਪ੍ਰੀਤ ਕੌਰ, ਬੀਬੀ ਰਵਿੰਦਰ ਕੌਰ, ਬੀਬੀ ਸਤਨਾਮ ਕੌਰ ਮੋਹਾਲੀ, ਐਡਵੋਕੇਟ ਗੁਰਦਿੱਤ ਸਿੰਘ ਛਿੱਬਰ, ਮੋਰਿੰਡਾ ਪ੍ਰੈਸ ਕਲੱਬ ਰਜਿ. ਬਲਾਕ ਮੋਰਿੰਡਾ ਦੇ ਪ੍ਰਧਾਨ ਕਰਨੈਲ ਸਿੰਘ ਜੀਤ, ਪ੍ਰੀਤਪਾਲ ਸਿੰਘ ਖਾਲਸਾ, ਕਮਲਜੀਤ ਸਿੰਘ ਅਰਨੌਲੀ, ਗਗਨ ਸ਼ੁਕਲਾ, ਰਾਜ ਕੁਮਾਰ ਦਸੌਂੜ, ਗੁਰਮੀਤ ਸਿੰਘ ਚੋਪੜਾ, ਗਿਆਨ ਸਿੰਘ ਸਰੋਆ, ਨਿਹਾਲ ਸਿੰਘ ਕਲਸੀ, ਹਰਵਿੰਦਰ ਸੂਦ, ਰਾਧੇ ਸ਼ਿਆਮ ਸ਼ਰਮਾ, ਅਰਵਿੰਦਰ ਸਿੰਘ ਬੱਬੂ, ਵਰੂਣ ਸ਼ੁਕਲਾ, ਗਗਨਦੀਪ ਘੜੂੰਆਂ, ਜਸਵੀਰ ਸਿੰਘ ਸ਼ਾਂਤਪੁਰੀ, ਕੁਲਦੀਪ ਸਿੰਘ ਰਾਣਾ, ਹਰਪ੍ਰੀਤ ਸਿੰਘ, ਹਰਦੇਵ ਸਿੰਘ ਕਾਕਾ ਅਤੇ ਕੁਲਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪੱਤਰਕਾਰ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਜਨਗਣਨਾ 2027 ਲਈ ਤਿਆਰ ਫ਼ਾਰਮ ਵਿਚ ਅਨੁਸੂਚਿਤ ਜਾਤੀਆਂ ਦੇ ਲੋਕਾਂ ਲਈ ਮਨਾਹੀ ਵਾਲੇ ਸ਼ਬਦ ਵਰਤਣ ਦੇ ਮਾਮਲੇ ਵਿਚ ਜਸਵੀਰ ਸਿੰਘ ਗੜ੍ਹੀ ਵਲੋਂ ਰਾਸ਼ਟਰੀ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਨਾਲ ਮੁਲਾਕਾਤ

**ਨਵਾਂਸ਼ਹਿਰ , 19 ਮਈ(ਜਤਿੰਦਰ ਪਾਲ ਸਿੰਘ ਕਲੇਰ )** ਭਾਰਤ ਸਰਕਾਰ ਵੱਲੋਂ ਜਨਗਣਨਾ 2027 ਲਈ ਤਿਆਰ ਫ਼ਾਰਮ ਵਿਚ ਅਨੂਸੂਚਿਤ ਜਾਤੀਆਂ ਦੇ ਲੋਕਾਂ ਲਈ ਮਨਾਹੀ ਵਾਲੇ ਸ਼ਬਦ ਵਰਤਣ ਦੇ ਮਾਮਲੇ ਵਿਚ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਲੋਂ ਅੱਜ ਰਾਸ਼ਟਰੀ ਅਨੁਸੂਚਿਤ ਜਾਤੀਆਂ ਕਮਿਸ਼ਨ (ਨਵੀਂ ਦਿੱਲੀ) ਨਾਲ ਮੁਲਾਕਾਤ ਕੀਤੀ ਗਈ ਅਤੇ ਇਨ੍ਹਾਂ ਮਨਾਹੀ ਵਾਲੇ ਸ਼ਬਦ ਦੀ ਵਰਤੋਂ ਨੂੰ ਰੁਕਵਾਉਣ ਲਈ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ।

ਇਸ ਬਾਰੇ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਜਨਗਣਨਾ 2027 ਦੀਆਂ ਸੂਚੀਆਂ ਅਤੇ ਡਿਜੀਟਲ ਪਲੇਟਫਾਰਮਾਂ ਤੋਂ ਅਨੁਸੂਚਿਤ ਜਾਤੀਆਂ ਲਈ ਵਰਤੀ ਗਈ ਅਪਮਾਨਜਨਕ ਅਤੇ ਸਮਾਜ ਵਿਰੋਧੀ ਸ਼ਬਦਾਵਲੀ ਨੂੰ ਤੁਰੰਤ ਹਟਵਾਉਣ ਲਈ ਕੌਮੀ



ਕਮਿਸ਼ਨ ਕੋਲ ਪਹੁੰਚ ਕੀਤੀ ਗਈ ਹੈ। ਬੁਲਾਰੇ ਨੇ ਦੱਸਿਆ ਕਿ ਇਸ ਮਾਮਲੇ ਵਿਚ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਕੋਲ ਦਾਇਰ ਇੱਕ ਸ਼ਿਕਾਇਤ (ਨੰਬਰ 1211/26/ਪੀਐਸਐਸਸੀ /5325-26) ਦਾ ਨੋਟਿਸ ਲੈਂਦੇ ਹੋਏ, ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਇਹ ਕਦਮ ਚੁੱਕਿਆ ਹੈ । ਉਨ੍ਹਾਂ ਕਿਹਾ ਕਿ ਸਰਕਾਰੀ ਦਸਤਾਵੇਜ਼ਾਂ ਵਿੱਚ ਇਨ੍ਹਾਂ ਦੀ ਲਗਾਤਾਰ ਵਰਤੋਂ ਭਾਰਤ ਦੇ ਸੰਵਿਧਾਨ ਦੇ ਅਨੁਛੇਦ 14 (ਸਮਾਨਤਾ), ਅਨੁਛੇਦ 17 (ਛੂਤਛਾਤ ਦਾ ਖਾਤਮਾ), ਅਤੇ ਅਨੁਛੇਦ 21 (ਸਨਮਾਨ ਨਾਲ ਰਹਿਣ ਦਾ ਅਧਿਕਾਰ) ਦੀ ਸਿੱਧੀ ਉਲੰਘਣਾ ਕਰਦੀ ਹੈ। ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵੱਲੋਂ ਸੌਂਪੇ ਗਏ ਮੰਗ ਪੱਤਰ ਵਿੱਚ ਮੁੱਖ ਤੌਰ ਤੇ ਸਾਰੇ ਇਤਰਾਜ਼ਯੋਗ ਸ਼ਬਦਾਂ ਨੂੰ ਜਨਗਣਨਾ ਫਾਰਮੈਟ ਅਤੇ ਸਵੈ-ਗਣਨਾ ਪੋਰਟਲ ਤੋਂ ਤੁਰੰਤ ਹਟਾ ਹਟਾਉਣ ਸਬੰਧੀ ਹੈ ਅਤੇ ਭਵਿੱਖ ਵਿੱਚ ਇਸ ਤਰ੍ਹਾਂ ਦੀ ਸਥਿਤੀ ਤੋਂ ਬਚਣ ਲਈ ਉਪਾਅ ਸੁਝਾਏ ਗਏ ਹਨ।

# ਸਿਵਲ ਹਸਪਤਾਲ ਬਲਾਚੌਰ ਵਿਖੇ ਕੌਮੀ ਡੇਂਗੂ ਦਿਵਸ ਮਨਾਇਆ

**ਬਲਾਚੌਰ19 ਮਈ(ਜਤਿੰਦਰ ਪਾਲ ਸਿੰਘ ਕਲੇਰ )** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫ਼ਸਰ ਡਾ. ਸਤਿੰਦਰਜੀਤ ਕੌਰ ਦੀ ਅਗਵਾਈ ਹੇਠ ਲੈਫ਼. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਵਿਖੇ ਕੌਮੀ ਡੇਂਗੂ ਦਿਵਸ ਮਨਾਇਆ ਗਿਆ।

ਇਸ ਮੌਕੇ ਮੈਡੀਕਲ ਅਫ਼ਸਰ ਡਾ. ਜਤਿੰਦਰਪਾਲ ਸਿੰਘ ਨੇ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਤੋਂ ਇਲਾਵਾ ਲੋਕਾਂ ਨੂੰ ਡੇਂਗੂ ਦੇ ਲਾਰਵੇ ਦੀ ਪਛਾਣ ਬਾਰੇ ਵੀ ਦੱਸਿਆ। ਉਨ੍ਹਾਂ ਆਮ ਲੋਕਾਂ ਨੂੰ ਹਫਤੇ ਵਿੱਚ ਇਕ ਵਾਰ ਗਮਲਿਆਂ, ਕੂਲਰਾਂ, ਫਰਿੱਜ ਦੀਆਂ ਟਰੇਆਂ, ਪੁਰਾਣੇ ਟਾਇਰਾਂ ਅਤੇ ਛੱਤਾਂ 'ਤੇ ਪਏ ਕਬਾੜ ਸਮਾਨ ਵਿੱਚ ਖੜ੍ਹੇ ਪਾਣੀ ਨੂੰ ਸਾਫ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਡੇਂਗੂ ਤੋਂ ਬਚਣ ਦਾ ਇਕੋ-ਇਕ ਕਾਰਗਰ ਤਰੀਕਾ ਹੈ ਕਿ ਕਿਸੇ ਵੀ ਥਾਂ ’ਤੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ।

ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਪੰਜਾਬ ਦੀਆਂ ਹਦਾਇਤਾਂ ’ਤੇ ‘ਹਰ ਸ਼ੁੱਕਰਵਾਰ, ਡੇਂਗੂ ’ਤੇ ਵਾਰ’ ਮੁਹਿੰਮ ਤਹਿਤ ਲਾਰਵਾ ਖਤਮ ਕਰਨ ਲਈ ਘਰ-ਘਰ ਸਰਵੇ ਤੇ ਜਾਗਰੂਕਤਾ ਮੁਹਿੰਮ ਜ਼ੋਰਾਂ 'ਤੇ ਹੈ। ਉਨ੍ਹਾਂ ਦੱਸਿਆ ਕਿ ਡੇਂਗੂ ਬੁਖ਼ਾਰ ਫੈਲਾਉਣ ਵਾਲੇ ਮੱਛਰ ਦਾ ਲਾਰਵਾ ਕੁੱਝ ਦਿਨਾਂ ਵਿਚ ਖ਼ਤਰਨਾਕ ਮੱਛਰ ਦਾ



ਰੂਪ ਲੈ ਲੈਂਦਾ ਹੈ, ਜਿਹੜਾ ਵਿਅਕਤੀ ਦੀ ਜਾਨ ਵੀ ਲੈ ਸਕਦਾ ਹੈ। ਡੇਂਗੂ ਦੇ ਆਮ ਲੱਛਣਾਂ ਵਿਚ ਤੇਜ਼ ਸਿਰਦਰਦ ਤੇ ਤੇਜ਼ ਬੁਖ਼ਾਰ, ਮਾਸਪੇਸ਼ੀਆਂ ਤੇ ਜੋੜਾਂ ਵਿਚ ਦਰਦ, ਅੱਖ ਦੇ ਪਿਛਲੇ ਹਿੱਸੇ ਵਿਚ ਦਰਦ, ਹਾਲਤ ਖ਼ਰਾਬ ਹੋਣ ’ਤੇ ਨੱਕ, ਮੂੰਹ ਤੇ ਮਸੂੜਿਆਂ ਵਿਚੋਂ ਖ਼ੂਨ ਵਗਣਾ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣਾ ਆਦਿ ਸ਼ਾਮਲ ਹਨ। ਬਲਾਕ ਐਕਸਟੈਂਸ਼ਨ ਐਜੂਕੇਟਰ ਨਿਰਮਲ ਸਿੰਘ ਨੇ ਦੱਸਿਆ ਕਿ ਡੇਂਗੂ ਬੁਖ਼ਾਰ ਹੋਣ ਦਾ ਕੋਈ ਪੱਕਾ ਮੌਸਮ ਨਹੀਂ, ਪਰ ਆਮ ਤੌਰ ’ਤੇ ਇਹ ਬੁਖ਼ਾਰ ਜੁਲਾਈ ਤੋਂ ਲੈ ਕੇ ਨਵੰਬਰ ਅਖ਼ੀਰ ਤੱਕ ਜ਼ਿਆਦਾ ਹੁੰਦਾ ਹੈ। ਡੇਂਗੂ ਬੁਖ਼ਾਰ ਫੈਲਾਉਣ ਵਾਲਾ ਮੱਛਰ ਦਿਨ ਵੇਲੇ ਕੱਟਦਾ ਹੈ ਅਤੇ ਸਾਫ ਪਾਣੀ ਵਿਚ ਪੈਦਾ ਹੁੰਦਾ ਹੈ। ਵਧੇਰੇ ਜਾਣਕਾਰੀ ਲਈ ਸਿਹਤ ਵਿਭਾਗ ਦੀ ਹੈਲਪਲਾਈਨ ਨੰਬਰ 104 ’ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਡੇਂਗੂ ਇਕ ਬੁਖ਼ਾਰ ਹੈ, ਜੋ ਏਡੀਜ਼ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਸ ਤੋਂ ਬਚਾਅ ਲਈ ਆਪਣੇ ਸਰੀਰ ਨੂੰ ਚੰਗੀ ਤਰ੍ਹਾਂ ਢਕਣ ਲਈ ਪੂਰੇ ਕੱਪੜੇ ਪਾ ਕੇ ਰੱਖਣੇ ਚਾਹੀਦੇ ਹਨ, ਰਾਤ ਨੂੰ ਸੌਣ ਸਮੇਂ ਮੱਛਰਦਾਨੀ ਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਡੇਂਗੂ ਬੁਖਾਰ ਦਾ ਟੈਸਟ ਤੇ ਇਲਾਜ ਰਾਜ ਦੇ ਸਾਰੇ ਸਰਕਾਰੀ ਹਸਪਤਾਲਾਂ 'ਚ ਮੁਫਤ ਕੀਤਾ ਜਾਂਦਾ ਹੈ। ਇਸ ਮੌਕੇ ਰਾਮ ਗੋਪਾਲ, ਸਤੀਸ਼ ਕੁਮਾਰ, ਅਮਨਦੀਪ ਸਿੰਘ, ਪ੍ਰਵੀਨ ਕੈਂਥ ਤੇ ਸੁਰਿੰਦਰ ਸਿੰਘ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

# ਫਰੀਦਕੋਟ ਤੋਂ ਨਰੇਗਾ ਮਜ਼ਦੂਰਾਂ ਦਾ ਜੱਥਾ ਏਟਕ ਦੀ ਮੋਹਾਲੀ ਰੈਲੀ ਵਿੱਚ ਸ਼ਾਮਲ ਹੋਣ ਲਈ ਰਵਾਨਾ

**ਫ਼ਰੀਦਕੋਟ ( ਸ਼ਿਵਨਾਥ)** ਨਰੇਗਾ ਮਜ਼ਦੂਰਾਂ, ਖੇਤ ਮਜ਼ਦੂਰਾਂ ਅਤੇ ਹੋਰ ਵੱਖ ਵੱਖ ਖੇਤਰਾਂ ਵਿੱਚ ਕੰਮ ਕਰਦੇ ਕਿਰਤੀਆਂ ਦੀਆਂ ਮੰਗਾਂ ਨੂੰ ਲੈਕੇ ਅੱਜ ਏਟਕ ਅਤੇ ਪੰਜਾਬ ਸੁਬਾਰਡੀਨੇਟ ਸਰਵਿ-ਸਿਜ਼ ਫੈਡਰੇਸ਼ਨ1680 ਸੈਕਟਰ 22ਬੀ, ਚੰਡੀਗੜ੍ਹ ਵੱਲੋਂ ਲੇਬਰ ਭਵਨ ਮੋਹਾਲੀ ਵਿਖੇ ਸੂਬਾ ਪੱਧਰੀ ਰੈਲੀ ਕੀਤੀ ਜਾ ਰਹੀ ਹੈ। ਇਸ ਰੈਲੀ ਵਿੱਚ ਸ਼ਾਮਲ ਹੋਣ ਲਈ ਨਰੇਗਾ ਮਜ਼ਦੂਰਾਂ ਦਾ ਇੱਕ ਜੱਥਾ ਅੱਜ ਸਥਾਨਕ ਸ਼ਹੀਦ ਕਾਮਰੇਡ ਅਮੋਲਕ ਸਿੰਘ ਭਵਨ ਤੋਂ ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ ਦੇ ਜ਼ਿਲਾ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਜੀ ਦੀ ਅਗਵਾਈ ਹੇਠ ਰਵਾਨਾ ਹੋਇਆ। ਆਗੂਆਂ ਨੇ



ਭਗਵੰਤ ਮਾਨ ਸਰਕਾਰ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਮਜ਼ਦੂਰ ਵਿਰੋਧੀ ਨੀਤੀਆਂ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਨਰੇਗਾ ਮਜ਼ਦੂਰਾਂ, ਖੇਤ ਮਜ਼ਦੂਰਾਂ ਅਤੇ ਸਮੂਹ ਕਿਰਤੀਆਂ ਦੇ ਲਮਕ ਅਵਸਥਾ ਵਿੱਚ ਪਏ ਸਾਰੇ ਮਸਲੇ ਤੁਰੰਤ ਹੱਲ ਕੀਤੇ ਜਾਣ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਮੁਲਾਜ਼ਮ ਆਗੂ ਬਲਕਾਰ ਸਿੰਘ ਸਹੋਤਾ ਜਨਰਲ ਸਕੱਤਰ ਕਲਾਸ ਫ਼ੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ, ਨਰੇਗਾ ਮਜ਼ਦੂਰ ਆਗੂ ਗੋਰਾ ਪਿਪਲੀ, ਸੁਖਮਿੰਦਰ ਸਿੰਘ ਢੁੱਡੀ, ਨੱਥਾ ਸਿੰਘ ਅਰਾਈਆਂ ਵਾਲਾ ਕਲਾਂ , ਗੁਰਜੰਟ ਸਿੰਘ ਨਵਾਂ ਕਿਲਾ, ਬੱਗਾ ਸਿੰਘ, ਠਾਕੁਰ ਸਿੰਘ. ਮੇਟ ਲਵਪ੍ਰੀਤ ਕੌਰ ਪਿਪਲੀ, ਮੇਟ ਕੁਲਦੀਪ ਕੌਰ ਕੋਟ ਸੁਖੀਆ,ਮੇਟ ਸਰਬਜੀਤ ਕੌਰ ਚੰਦ ਬਾਜਾ, ਮੇਟ ਗੁਰਪ੍ਰੀਤ ਕੌਰ ਕੋਟ ਸੁਖੀਆ, ਮੇਟ ਵੀਰਪਾਲ ਕੌਰ, ਕਿਰਨਦੀਪ ਕੌਰ, ਜਸਵਿੰਦਰ ਕੌਰ, ਮਹਿੰਦਰ ਸਿੰਘ, ਕੇਵਲ ਸਿੰਘ ਆਦਿ ਹਾਜ਼ਰ ਸਨ।

# ਥਾਣਾ ਕਾਠਗੜ੍ਹ ' ਚ ਖੜ੍ਹੇ ਹਾਦਸਾਗ੍ਰਸਤ ਅਤੇ ਹੋਰ ਵਾਹਨਾਂ ਨੂੰ ਮਾਲਕ ਆਪਣੇ ਕਾਗਜ਼ਾਤ ਲਿਆ ਕੇ ਪੁਲਿਸ ਕੋਲ ਚੈਕ ਕਰਵਾ ਕੇ ਆਪਣੇ ਵਾਹਨ ਲੈ ਜਾਣ : ਐਸਐਚਓ ਅਭਿਸ਼ੇਕ ਸ਼ਰਮਾ

**ਨਵਾਂਸ਼ਹਿਰ /ਕਾਠਗੜ੍ਹ 19 ਮਈ (ਜਤਿੰਦਰ ਪਾਲ ਸਿੰਘ ਕਲੇਰ )**-ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਦੇ ਐ ਸ ਐ ਸ ਪੀ ਡਾਕਟਰ ਤੁਸ਼ਾਰ ਗੁਪਤਾ ਵਲੋਂ ਜਾਰੀ ਦਿਸ਼ਾ ਨਿਰਦੇਸ਼ਾ ਦੀ ਇਨ ਬਿਨ ਪਾਲਣਾਂ ਕਰਦੇ ਹੋਏ ਥਾਣਾ ਕਾਠਗੜ੍ਹ ਦੇ ਐਸਐਚਓ ਅਭਿਸ਼ੇਕ ਸ਼ਰਮਾ ਵਲੋਂ ਥਾਣੇ ਵਿੱਚ ਚੋਰੀ ਅਤੇ



ਐਕਸੀਡੈਂਟ ਨਾਲ ਸਬੰਧਿਤ ਕਈ ਟੂ ਵੀਲਰ ਵਹੀਕਲ ਤੇ ਫੋਰ ਵੀਲਰ ਵਹੀਕਲ ਭਾਰੀ ਗਿਣਤੀ ਵਿੱਚ ਖੜ੍ਹੇ ਹਨ । ਜਿਸ ਦੇ ਚੱਲਦੇ ਉਨ੍ਹਾਂ ਨੇ ਸਮੂਹ ਵਾਹਨ ਮਾਲਕ ਨੂੰ ਸਪੁਰਦਗੀ ਕਰਨ ਦੇ ਲਈ ਕਿਹਾ । ਉਨ੍ਹਾਂ ਕਿਹਾ ਕਿ ਜਿੰਨਾ ਮਾਲਕਾਂ ਦੇ ਵਾਹਨ ਥਾਣੇ ਵਿੱਚ ਖੜ੍ਹੇ ਹਨ ਉਹ ਆਪਣੇ ਵਾਹਨਾਂ ਦੇ ਅਸਲੀ ਕਾਗਜ਼ਾਤ ਦਿਖਾ ਕੇ ਆਪਣੇ ਵਾਹਨ ਲੈ ਕੇ ਜਾ ਸਕਦੇ ਹਨ । ਉਨ੍ਹਾਂ ਕਿਹਾ ਕਿ ਵਾਹਨਾ ਦੇ ਕਾਗਜਾਂ ਦੀ ਪੂਰੀ ਬਾਰੀਕੀ ਨਾਲ ਜਾਂਚ ਕੀਤੀ ਜਾਵੇਗੀ ।






# ਮਹਿੰਗਾਈ,ਬੇਰੁਜ਼ਗਾਰੀ ਅਤੇ ਟੈਕਸਾਂ ਦੇ ਬੋਝ ਤੋਂ ਪ੍ਰੇਸ਼ਾਨ ਜਨਤਾ ਹੁਣ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਸਮਝ ਚੁੱਕੀ ਹੈ : ਬੇਗਮਪੁਰਾ ਟਾਈਗਰ ਫੋਰਸ

## ਮੋਦੀ ਸਰਕਾਰ ਨੇ ਚੋਣਾਂ ਤੋਂ ਬਾਅਦ ਐਲਪੀਜੀ, ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਧਾ ਕੇ ਲੋਕਾਂ ਨੂੰ ਮਹਿੰਗਾਈ ਦੀ ਚੱਕੀ ਵਿੱਚ ਪੀਸਿਆ : ਬੀਰਪਾਲ, ਹੈਪੀ,ਬੰਟੀ

**ਹੁਸ਼ਿਆਰਪੁਰ 19 ਮਈ ( ਤਰਸੇਮ ਦੀਵਾਨਾ )** ਬੇਗਮ-ਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ, ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ, ਬੰਟੀ ਹਰਿਆਣਾ ਬਲਾਕ ਪ੍ਰਧਾਨ ਹਲਕਾ ਸ਼ਾਮ ਚੁਰਾਸੀ, ਰਵਿ ਸੁੰਦਰ ਨਗਰ, ਸ਼ੰਮੀ ਬਿਰਦੀ ਪੁਰਹੀਰਾਂ, ਬੰਟੀ, ਰੋਹਿਤ ਨਾਰਾ ਡਾਡਾ, ਨੇ ਪੈਟਰੋਲ, ਡੀਜ਼ਲ, ਸੀਐਨਜੀ ਅਤੇ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਵਾਧੇ ਨੂੰ ਲੈ ਕੇ ਕੇਂਦਰ ਦੀ ਮੋਦੀ ਸਰਕਾਰ ਆੜੇ ਹੱਥੀਂ ਲਿਆ । ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਨੇ ਚੋਣਾਂ ਤੋਂ ਬਾਅਦ ਐਲਪੀਜੀ ਗੈਸ, ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਧਾ ਕੇ ਜਨਤਾ 'ਤੇ ਮਹਿੰਗਾਈ ਦਾ ਇੱਕ ਨਵਾਂ ਬੰਬ ਸੁੱਟਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਲਗਾਤਾਰ ਘੱਟ ਸਨ, ਉਦੋਂ ਵੀ ਕੇਂਦਰ ਸਰਕਾਰ ਨੇ ਜਨਤਾ ਨੂੰ ਕੋਈ ਰਾਹਤ ਨਹੀਂ ਦਿੱਤੀ ਅਤੇ ਭਾਰੀ ਟੈਕਸ ਲਗਾਉਣਾ ਜਾਰੀ ਰੱਖਿਆ। ਉਹਨਾਂ ਕਿਹਾ ਕਿ 12 ਸਾਲਾਂ ਤੋਂ, ਇਹ ਸਰਕਾਰ ਆਮ ਲੋਕਾਂ ਦੀਆਂ ਜੇਬਾਂ ਖਾਲੀ ਕਰਨ ਵਿੱਚ ਰੁੱਝੀ ਹੋਈ ਹੈ ਅਤੇ ਰਾਹਤ ਨਹੀਂ ਦੇ ਰਹੀ।



ਆਗੂਆਂ ਨੇ ਕਿਹਾ ਕਿ ਮਹਿੰਗਾਈ, ਬੇਰੁਜ਼ਗਾਰੀ ਅਤੇ ਟੈਕਸਾਂ ਦੇ ਬੋਝ ਤੋਂ ਪ੍ਰੇਸ਼ਾਨ ਜਨਤਾ ਹੁਣ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਸਮਝ ਚੁੱਕੀ ਹੈ। ਇਸ ਲਈ ਪੰਜਾਬ ਸਰਕਾਰ ਨੂੰ ਵੀ ਪੈਟਰੋਲ ਅਤੇ ਡੀਜ਼ਲ ਦੀਆਂ ਵਧੀਆਂ ਕੀਮਤਾਂ ਤੇ 5-5 ਰੁਪਏ ਘਟਾ ਕੇ ਲੋਕਾਂ ਨੂੰ ਰਾਹਤ ਦੇਣ ਲਈ ਵੈਟ ਘਟਾਉਣਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਜੇਕਰ ਆਮ ਆਦਮੀ ਪਾਰਟੀ ਦੀ ਸਰਕਾਰ ਤੁਰੰਤ ਵੈਟ ਨਹੀਂ ਘਟਾਉਂਦੀ ਹੈ , ਤਾਂ ਇਹ ਸਪੱਸ਼ਟ ਹੋ ਜਾਵੇਗਾ ਕਿ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੋਵੇਂ ਮਿਲ ਕੇ ਜਨਤਾ 'ਤੇ ਮਹਿੰਗਾਈ ਦਾ ਬੋਝ ਪਾ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਹਮੇਸ਼ਾ ਵਿਸ਼ਵਵਿਆਪੀ ਹਾਲਾਤਾਂ ਨੂੰ ਬਹਾਨੇ ਵਜੋਂ ਵਰਤਦੇ ਹੋਏ ਆਮ ਲੋਕਾਂ 'ਤੇ ਵਿੱਤੀ ਬੋਝ ਪਾਉਂਦੀ ਰਹੀ ਹੈ, ਜਦੋਂ ਕਿ ਸੱਚਾਈ ਇਹ ਹੈ ਕਿ ਪਿਛਲੇ ਕਈ ਸਾਲਾਂ ਤੋਂ ਕੇਂਦਰ ਸਰਕਾਰ ਪੈਟਰੋਲੀਅਮ ਉਤਪਾਦਾਂ 'ਤੇ ਟੈਕਸਾਂ ਰਾਹੀਂ ਜਨਤਾ ਤੋਂ ਭਾਰੀ ਰਕਮ ਵਸੂਲ ਰਹੀ ਹੈ। ਉਨ੍ਹਾਂ ਕਿਹਾ ਕਿ 2014 ਤੋਂ 2025 ਦੇ ਵਿਚਕ-ਾਰ, ਪੈਟਰੋਲ 'ਤੇ ਔਸਤਨ 19.70 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ 'ਤੇ 15.50 ਰੁਪਏ ਪ੍ਰਤੀ ਲੀਟਰ ਐਕਸਾਈਜ਼ ਡਿਊਟੀ ਲਗਾ ਕੇ ਲੋਕਾਂ ਨੂੰ ਲਗਾਤਾਰ ਲੁੱਟਿਆ ਗਿਆ।ਉਹਨਾਂ ਕਿਹਾ ਕਿ ਇਸ ਸਮੇਂ ਦੌਰਾਨ, ਐਕਸਾਈਜ਼ ਡਿਊਟੀ ਨੂੰ 21 ਵਾਰ ਸੋਧਿਆ ਗਿਆ, ਜਿਸ ਵਿੱਚੋਂ 12 ਵਾਰ ਵਧਾਇਆ ਗਿਆ। ਉਨ੍ਹਾਂ ਕਿਹਾ ਕਿ 27 ਮਾਰਚ, 2026 ਨੂੰ ਕੇਂਦਰ ਸਰਕਾਰ ਨੇ ਪੈਟਰੋਲ ਅਤੇ ਡੀਜ਼ਲ 'ਤੇ ਐਕਸਾਈਜ਼ ਡਿਊਟੀ ਘਟਾਉਣ ਦਾ ਸੰਕੇਤਕ ਐਲਾਨ ਕੀਤਾ ਸੀ, ਪਰ ਇਸ ਦਾ ਲਾਭ ਜਨਤਾ ਤੱਕ ਨਹੀਂ ਪਹੁੰਚਿਆ। ਉਹਨਾਂ ਦੋਸ਼ ਲਗਾਇਆ ਕਿ ਮੋਦੀ ਸਰਕਾਰ ਸਿਰਫ਼ ਪ੍ਰਚਾਰ ਅਤੇ ਸੁਰਖੀਆਂ ਪ੍ਰਬੰਧਨ ਦੀ ਰਾਜਨੀਤੀ ਕਰ ਰਹੀ ਹੈ, ਜਦੋਂ ਕਿ ਅਸਲ ਲਾਭ ਤੇਲ ਕੰਪਨੀਆਂ ਨੂੰ ਹੋਇਆ ਹੈ ।**ਫੋਟੋ ਅਜਮੇਰ ਦੀਵਾਨਾ**

# ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਪਿੰਡ ਫਾਂਬੜਾ ਵਿਖੇ ਗਵਰਨਰ ਤੇ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਅੱਜ ਪਿੰਡ ਸਕੋਹ ਪੁਰ, ਫਾਂਬੜਾ, ਉਸਮਾਨਪੁਰ, ਬੈਂਸਾਂ, ਸੁੱਜੋਂ ਅਤੇ ਮਾਹਿਲ ਗਹਿਲਾਂ ਵਿਖੇ ਬੀਤੇ ਦਿਨੀਂ ਚੰਡੀਗੜ੍ਹ ਵਿਖੇ ਗਵਰਨਰ ਹਾਊਸ ਵੱਲ ਮਾਰਚ ਕਰਦੇ ਕਿਸਾਨਾਂ ਤੇ ਲਾਠੀਚਾਰਜ ਕਰਨ, ਅੱਥਰੂ ਗੈਸ ਦੇ ਗੋਲ਼ੇ ਵਰਾਉਣ ਅਤੇ ਪਾਣੀ ਦੀਆਂ ਬੁਛਾੜਾਂ ਮਾਰਨ ਦੇ ਰੋਸ ਵਜੋਂ ਗਵਰਨਰ ਗੁਲਾਬ ਚੰਦ ਕਟਾਰੀਆ ਅਤੇ ਭਾਜਪਾ ਦੇ ਪੁਤਲੇ ਫੂਕੇ ਗਏ ਲ ਇੱਕਤਰਤ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਸੂਬਾ ਕਮੇਟੀ ਮੈਂਬਰ ਕਿਰਤੀ ਕਿਸਾਨ ਯੂਨੀਅਨ ਭੁਪਿੰਦਰ ਸਿੰਘ ਵੜੈਚ ਨੇ ਪੁਲਿਸ ਵਲੋਂ ਕਿਸਾਨਾਂ ਨਾਲ਼ ਕੀਤੀ ਬਰਬਰਤਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਲ ਉਨ੍ਹਾਂ ਕਿਹਾ ਕਿ ਪੰਜਾਬ ਦੇ ਦਰਿਆਵਾਂ ਉੱਤੇ ਪੰਜਾਬ ਦਾ ਹੱਕ ਹੈ ਅਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦੀ ਸਥਾਈ ਮੈਂਬਰਸ਼ਿਪ ਖ਼ਤਮ ਕਰਨ ਦਾ ਕੇਂਦਰ ਨੂੰ ਕੋਈ ਅਧਿਕਾਰ ਨਹੀਂ ਲ ਪੰਜਾਬ ਦੇ ਪਾਣੀਆਂ ਦੇ ਮਸਲੇ ਦਾ ਹੱਲ ਅੰਤਰਰਾਸ਼ਟਰੀ ਸਿਧਾਂਤਾਂ ਰਿਪੇਰੀਨਰ ਸਿਧਾਂਤ ਅਨੁਸਾਰ ਕੀਤਾ ਜਾਵੇ ਲ ਉਨ੍ਹਾਂ ਚੰਡੀਗੜ੍ਹ ਪੰਜਾਬ ਨੂੰ ਦੇਣ, ਪੰਜਾਬ ਯੂਨੀਵਰਸਿਟੀ ਪੰਜਾਬ ਦੇ ਹਵਾਲੇ ਕਰਨ ਅਤੇ ਕਿਸਾਨਾਂ ਦੇ ਰਹਿੰਦੇ ਮਸਲੇ ਤੁਰੰਤ ਹੱਲ ਕਰਨ ਲਈ ਕਿਹਾ ਲ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕੇਂਦਰ ਸਰਕਾਰ ਕਿਸਾਨਾਂ ਦੇ ਤਿੱਖੇ ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹੇ ਲ ਅੱਜ ਇੱਕਠਾਂ ਨੂੰ ਜਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ, ਇਲਾਕਾ ਔੜ ਦੇ ਪ੍ਰਧਾਨ ਸੁਰਿੰਦਰ ਸਿੰਘ ਮਹਿਰਮ-ਪੁਰ, ਇਲਾਕਾ ਨਵਾਂਸ਼ਹਿਰ ਦੇ ਪ੍ਰਧਾਨ ਕੁਲਵੀਰ ਸਿੰਘ ਸ਼ਾਹਪੁਰ, ਅਵਤਾਰ ਸਿੰਘ ਸਕੋਹਪੁਰ, ਬਲਬੀਰ ਸਿੰਘ ਸਕੋਹਪੁਰ, ਜੀਵਨ ਦਾਸ ਬੇਗੋਵਾਲ, ਹਰਜੀਤ ਸਿੰਘ ਫਾਂਬੜਾ, ਕਰਨੈਲ ਸਿੰਘ ਉੜਾਪੜ, ਭੁਪਿੰਦਰ ਸਿੰਘ ਸੰਘਾ, ਰਾਮਜੀ ਦਾਸ ਰਾਣਾ ਆਦਿ ਆਗੂਆਂ ਨੇ ਸੰਬੋਧਨ ਕੀਤਾ।

## ਸਰਪੰਚ ਵਿਨੈ ਕੁਮਾਰ ਦੀ ਪਤਨੀ ਨਵੀਤਾ ਬੰਗੜ੍ਹ ਅੱਪਰਾ ਦੇ ਸਕੂਲ ਵਿੱਚ ਬਿਨਾਂ ਪੈਸੇ ਲਏ ਪੜ੍ਹਾਈ ਕਰਾਵਾਏਗੀ



**ਬੰਗਾ (ਸਤਨਾਮ ਸਿੰਘ ਸਹੂੰਗੜਾ)** ਅੱਜ ਅੱਪਰਾ ਦੇ ਸਰਪੰਚ ਵਿਨੈ ਕੁਮਾਰ ਬੰਗੜ੍ਹ ਜੀ ਦੀ ਧਰਮ ਪਤਨੀ ਸ਼੍ਰੀਮਤੀ ਨਵੀਤਾ ਬੰਗੜ੍ਹ ਜੀ ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਵਿਚ ਬੱਚਿਆਂ ਨੂੰ ਪੜ੍ਹਾਉਣ ਲਈ ਮੁਫ਼ਤ ਸੇਵਾਵਾਂ ਪ੍ਰਦਾਨ ਕਰਨਗੇ। ਉਨ੍ਹਾਂ ਦੇ ਇਸ ਨੇਕ ਉਪਰਾਲੇ ਨੂੰ ਦੇਖਦੇ ਹੋਏ ਸਮੂਹ ਸਕੂਲ ਸਟਾਫ ਅਤੇ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਸ਼੍ਰੀਮਤੀ ਨਵੀਤਾ ਬੰਗੜ੍ਹ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸਕੂਲ ਮੁੱਖ ਅਧਿਆਪਕ ਜਸਪਾਲ ਸੰਧੂ, ਸਰਪੰਚ ਵਿਨੈ ਕੁਮਾਰ ਬੰਗੜ੍ਹ, ਕਮਲ ਕੁਮਾਰ ਸੰਧੂ ਚੇਅਰਮੈਨ, ਮੋਹਨ ਲਾਲ ਪੰਚ, ਮਨਦੀਪ ਸਿੰਘ, ਸ਼ਰਨਜੀਤ ਸਿੰਘ, ਅਰਵਿੰਦਰ ਸਿੰਘ, ਨੈਨਸੀ ਰਾਣੀ, ਨੀਰੂ ਬਾਲਾ, ਰਮਨਦੀਪ ਕੌਰ ਕੈਂਥ, ਅਮਨਦੀਪ ਕੌਰ, ਪ੍ਰੋਮਿਲਾ ਦੇਵੀ ਅਤੇ ਗੁਰਨਾਮ ਸਿੰਘ ਹਾਜ਼ਰ ਸਨ।

# ਮਾਨ ਸਰਕਾਰ ਦੀ ਨਸ਼ਾ, ਸਮਾਜਿਕ ਆਰਥਿਕ ਜਨਗਣਨਾ ਚੋਣਾਂ ਲਈ ਰਾਜਸੀ ਫੀਡ ਬੈਕ ਦਾ ਸਾਧਨ – ਆਗੂ

## ਸਾਰਕਾਰੀ ਖ਼ਜ਼ਾਨੇ ਤੇ ਪਵੇਗਾ ਵੱਡਾ ਬੋਝ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡੈਮੋਕ੍ਰੈਟਿਕ ਲਾਇਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾਈ ਕਨਵੀਨਰ ਦਲਜੀਤ ਸਿੰਘ ਐਡਵੋਕੇਟ ਅਤੇ ਜਮਹੂਰੀ ਅਧਿਕਾਰ ਸਭਾ ਦੇ ਜਿਲਾ ਸਕੱਤਰ ਜਸਬੀਰ ਦੀਪ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਕਰਵਾਈ ਜਾ ਰਹੀ 'ਨਸ਼ਾ ਅਤੇ ਸਮਾਜਿਕ ਆਰਥਿਕ ਜਨਗਣਨਾ' ਨੂੰ ਵਿਧਾਨ ਸਭਾ ਚੋਣਾਂ ਲਈ ਰਾਜਸੀ ਫੀਡ ਬੈਕ ਇਕੱਤਰ ਕਰਨ ਦਾ ਸਾਧਨ ਕਰਾਰ ਦਿੱਤਾ ਹੈ।ਉਹਨਾਂ ਕਿਹਾ ਕਿ ਇਸ ਜਨਗਣਨਾ ਲਈ 31 ਲੱਖ ਗਣਨਾਕਾਰ ਅਤੇ ਸੁਪਰਵਾਈਜ਼ਰ ਅਤੇ ਇੱਕ ਲੱਖ ਤੋਂ ਵੱਧ ਅਧਿਕਾਰੀ ਤਾਇਨਾਤ ਕੀਤੇ ਗਏ ਹਨ। ਜਨਗਣਨਾ ਏ ਆਈ ਤਕਨੀਕ ਰਾਹੀਂ ਰਿਕਾਰਡ ਕੀਤੀ ਜਾਂਦੀ ਹੈ। ਇਸ ਜਨਗਣਨਾ ਉੱਤੇ 11718.24 ਕਰੋੜ ਰੁਪਏ ਖਰਚ ਆਉਣਗੇ। ਇਸ ਵਿਚਲੇ ਬਹੁਤੇ ਸਵਾਲ ਮਾਨ ਸਰਕਾਰ ਦੀਆਂ 'ਭਲਾਈ ਸਕੀਮਾਂ' ਨਾਲ ਸਬੰਧਤ ਹਨ। ਕੁਝ ਸਵਾਲ ਵਿਕਾਸ ਕਾਰਜਾਂ, ਸਿਹਤ ਸੰਭਾਲ, ਰੁਜ਼ਗਾਰ, ਆਰਥਿਕ ਪੱਧਰ, ਸਿੱਖਿਆ, ਨਸ਼ੇ ਅਤੇ ਸੁਰੱਖਿਆ ਨਾਲ ਸਬੰਧਤ ਹਨ। ਆਗੂਆਂ ਨੇ ਕਿਹਾ ਕਿ ਆਪਣੇ ਵੱਲੋਂ ਵੋਟਰਾਂ ਨਾਲ ਚੋਣਾਂ ਵਿੱਚ ਕੀਤੇ ਬਹੁਤੇ ਵਾਅਦਿਆਂ ਨੂੰ ਪੂਰਾ ਨਾ ਕਰ ਸਕਣ ਦਾ ਡਰ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਅੰਦਰੋਂ ਸਤਾ ਰਿਹਾ ਹੈ। ਹੁਣ ਮਾਨ ਸਰਕਾਰ ਇਸ ਜਨਗਣਨਾ ਰਾਹੀਂ ਲੋਕਾਂ ਦੀ ਨਬਜ਼ ਟਟੋਲਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਲੋਕਾਂ ਦਾ ਅਤੇ ਮੁਲਾਜ਼ਮਾਂ ਦਾ ਸਮਾਂ ਬਰਬਾਦ ਕਰ ਰਹੀ ਹੈ। ਉਹਨਾਂ ਕਿਹਾ ਕਿ ਇਸ ਵਿੱਚ ਵਰਤੀ ਜਾ ਰਹੀ ਡਿਜ਼ੀਟਲ ਤਕਨੀਕ ਵਿੱਚ ਸਵਾਲ ਪਹਿਲਾਂ ਹੀ ਤੈਅ ਹਨ। ਇਹਨਾਂ ਸਵਾਲਾਂ ਤੋਂ ਇਲਾਵਾ ਵਿਅਕਤੀ ਆਪਣੇ ਤੌਰ ਉੱਤੇ ਕੋਈ ਜਾਣਕਾਰੀ ਰਿਕਾਰਡ ਨਹੀਂ ਕਰਵਾ ਸਕਦਾ। ਜਿਸ ਵਿੱਚ ਅਧਾਰ ਕਾਰਡ ਦੀ ਜਾਣਕਾਰੀ ਵੀ ਸ਼ਾਮਲ ਹੈ। ਜਦ ਕਿ ਅਧਾਰ ਕਾਰਡ ਨਾਲ ਵਿਅਕਤੀ ਦੇ ਬੈਂਕ ਖਾਤੇ ਅਤੇ ਹੋਰ ਬਹੁਤ ਕੁਝ ਜੁੜਿਆ ਹੋਇਆ ਹੁੰਦਾ ਹੈ। ਉਹਨਾਂ ਨੇ ਲੋਕਾਂ ਨੂੰ ਪੂਰੀ ਤਰ੍ਹਾਂ ਸੁਚੇਤ ਰਹਿਣ ਦੀ ਸਲਾਹ ਦਿੱਤੀ ਹੈ।

## ਪੈਟਰੋਲ ਤੇ ਡੀਜਲ ਦੀਆਂ ਕੀਮਤਾਂ ਵਿੱਚ ਵਾਧਾ ਕੇਂਦਰ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਕੀਤਾ ਹੈ : ਐਡਵੋਕੇਟ ਰੋਹਿਤ ਜੋਸ਼ੀ

**ਹੁਸ਼ਿਆਰਪੁਰ 19 ਮਈ ( ਤਰਸੇਮ ਦੀਵਾਨਾ )** – ਤੇਲ ਦੀਆਂ ਕੀਮਤਾਂ ਵਿੱਚ ਵਾਧੇ ਅਤੇ ਮਹਿੰਗਾਈ ਨੂੰ ਲੈ ਕੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਪਬਲਿਕ ਦੀਆ ਜੇਬਾਂ ਤੇ ਡਾਕਾ ਮਾਰ ਰਹੀ ਹੈ ! ਭਾਜਪਾ ਸਰਕਾਰ ਨੇ ਮੁੱਠੀ ਭਰ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਂਦੇ ਹੋਏ ਆਮ ਲੋਕਾਂ, ਕਿਸਾਨਾਂ ਅਤੇ ਛੋਟੇ ਕਾਰੋਬਾਰੀਆਂ ਨੂੰ ਆਰਥਿਕ ਤੰਗੀ ਵਿੱਚ ਧੱਕ ਦਿੱਤਾ ਹੈ ਇਹ ਵਿਚਾਰ ਐਡਵੋਕੇਟ ਰੋਹਿਤ ਜੋਸ਼ੀ ਨੇ ਸਾਡੇ ਪੱਤਰਕਾਰ ਨਾਲ ਇੱਕ ਸੰਖੇਪ ਜਿਹੀ ਮੁਲਾਕਾਤ ਦੌਰਾਨ ਸਾਂਝੇ ਕੀਤੇ । ਉਹਨਾਂ ਕਿਹਾ ਕਿ 12 ਸਾਲ ਪਹਿਲਾਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਵੱਲੋਂ ਕੀਤੇ ਗਏ ਵੱਡੇ-ਵੱਡੇ ਵਾਅਦਿਆਂ ਦੇ ਬਾਵਜੂਦ ਅੱਜ ਪੂਰਾ ਦੇਸ਼ ਵੱਧਦੀ ਮਹਿੰਗਾਈ ਕਾਰਨ ਪੈਦਾ ਹੋਈਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਨੇ ਤੇਲ ਦੀਆਂ ਕੀਮਤਾਂ ਵਧਾਕੇ ਅਤੇ ਮਹਿੰਗਾਈ ਨਾਲ ਆਮ ਲੋਕਾਂ, ਕਿਸਾਨਾਂ ਅਤੇ ਛੋਟੇ ਕਾਰੋਬਾਰੀਆਂ 'ਤੇ ਇੱਕ ਵਾਰ ਫਿਰ ਬੋਝ ਪਾ ਦਿੱਤਾ ਹੈ। ਉਹਨਾਂ ਕਿਹਾ ਕਿ ਪੂਰਾ ਦੇਸ਼ ਦੇਖ ਰਿਹਾ ਹੈ ਕਿ 12 ਸਾਲ ਪਹਿਲਾਂ ਪੀਐਮ ਮੋਦੀ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਕੀਤੇ ਗਏ ਵੱਡੇ-ਵੱਡੇ ਵਾਅਦਿਆਂ ਦੇ ਬਾਵਜੂਦ ਲੋਕ ਮਹਿੰਗਾਈ ਹੇਠ ਕਿਵੇਂ ਪਿਸ ਰਹੇ ਹਨ ! ਉਹਨਾਂ ਤੇਲ ਅਤੇ ਐਲਪੀਜੀ ਦੀਆਂ ਕੀਮਤਾਂ ਵਿੱਚ ਹੋਏ ਤਾਜ਼ਾ ਵਾਧੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੱਛਮੀ ਬੰਗਾਲ ਚੋਣਾਂ ਤੋਂ ਤੁਰੰਤ ਬਾਅਦ ਕੇਂਦਰ ਸਰਕਾਰ ਨੇ ਕਮਰਸ਼ੀਅਲ ਐਲਪੀਜੀ ਸਿਲੰਡਰ ਦੀ ਕੀਮਤ ਵਿੱਚ ਭਾਰੀ ਵਾਧਾ ਕਰਕੇ ਛੋਟੇ ਕਾਰੋਬਾਰੀਆਂ ਅਤੇ ਵਪਾਰੀਆਂ ਨੂੰ ਕਰਾਰੀ ਸੱਟ ਮਾਰੀ ਹੈ। ਇਸ ਦੇ ਨਾਲ ਹੀ ਕੇਂਦਰ ਨੇ ਪੈਟਰੋਲ ਦੀ ਕੀਮਤ ਵਿੱਚ ?3.14 ਪ੍ਰਤੀ ਲੀਟਰ, ਡੀਜ਼ਲ ਵਿੱਚ ?3.11 ਪ੍ਰਤੀ ਲੀਟਰ ਅਤੇ ਸੀਐਨਜੀ ਦੀ ਕੀਮਤ ਵਿੱਚ ?2 ਦਾ ਵਾਧਾ ਕਰਕੇ ।ਕੇਂਦਰ ਦੀ ਮੋਦੀ ਸਰਕਾਰ ਨੇ ਭਾਰਤ ਦੇਸ਼ ਦੇ ਲੋਕਾਂ ਨੂੰ ਇੱਕ ਤੋਹਫ਼ਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਚੋਣਾਂ ਵੇਲੇ ਹੀ ਲੋਕ ਭਲਾਈ ਦੀ ਯਾਦ ਆਉਂਦੀ ਹੈ ਪਰ ਵੋਟਾਂ ਹਾਸਲ ਕਰਨ ਤੋਂ ਬਾਅਦ ਉਹ ਲੋਕਾਂ 'ਤੇ ਆਰਥਿਕ ਬੋਝ ਪਾ ਦਿੰਦੀ ਹੈ। ਉਹਨਾਂ ਕਿਹਾ ਕਿ ਭਾਜਪਾ ਚੋਣਾਂ ਦੌਰਾਨ ਲੋਕ ਭਲਾਈ ਦੀਆਂ ਗੱਲਾਂ ਕਰਦੀ ਹੈ, ਪਰ ਵੋਟਾਂ ਜਿੱਤਣ ਤੋਂ ਬਾਅਦ ਲੋਕਾਂ ਦੀ ਮਿਹਨਤ ਦੀ ਕਮਾਈ ਲੁੱਟਣੀ ਸ਼ੁਰੂ ਕਰ ਦਿੰਦੀ ਹੈ। ਉਹਨਾਂ ਕਿਹਾ ਕਿ ਪੈਟਰੋਲ ਤੇ ਡੀਜਲ ਦੀਆ ਕੀਮਤਾਂ ਵਿੱਚ ਇਹ ਵਾਧਾ ਸਿਰਫ਼ ਸੱਤਾਧਾਰੀ ਪਾਰਟੀ ਨੇ ਆਪਣੇ ਕੁਝ ਨਜ਼ਦੀਕੀ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਕੀਤਾ ਹੈ।



# ਪ੍ਰੀ ਐਸ.ਆਈ.ਆਰ.ਗਤੀਵਿਧੀ ਤਹਿਤ 88 ਫੀਸਦ ਵੋਟਰਾਂ ਦੀ ਹੋਈ ਵੈਰੀਫਿਕੇਸ਼ਨ - ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ

## ਜ਼ਿਲ੍ਹੇ‘ ’ਚ 615 ਬੀ.ਐਲ.ਓਜ਼, 62 ਸੁਪਰਵਾਈਜ਼ਰ, 3 ਚੋਣਕਾਰ ਤੇ ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸ਼ਰ ਤਾਇਨਾਤ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਨਗਰ ਨੇ ਪੰਜਾਬ ਵਿੱਚ ਪ੍ਰੀ-ਐਸ.ਆਈ.ਆਰ.ਗਤੀਵਿਧੀਆਂ ਤਹਿਤ ਵੋਟਰਾਂ ਦੀ 88 ਫੀਸਦ ਸ਼ਨਾਖਤ ਕਰਕੇ 7ਵਾਂ ਰੈਂਕ ਹਾਸਿਲ ਕੀਤਾ ਹੈ। ਡਿਪਟੀ ਕਮਿਸ਼ਨਰ ਨੇ ਇਹ ਵੀ ਦੱਸਿਆ ਕਿ ਹੁਣ ਵੋਟਰ ਵੈਰੀਫਿਕੇਸ਼ਨ ਦਾ 12 ਫੀਸਦੀ ਕੰਮ ਹੀ ਬਕਾਇਆ ਰਹਿ ਗਿਆ ਹੈ। ਨਿਰਵਿਘਨ ਤੇ ਪਾਰਦਰਸ਼ੀ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ 615 ਬੀ.ਐਲ.ਓਜ਼, 62 ਸੁਪਰਵਾਈਜ਼ਰ ਅਤੇ 3-3 ਚੋਣਕਾਰ ਤੇ ਸਹਾਇਕ ਚੋਣਕਾਰ ਅਫ਼ਸਰਾਂ ਵਲੋਂ ਕੰਮ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬੀ.ਐਲ.ਓਜ਼ ਵਲੋਂ ਘਰ-ਘਰ ਜਾ ਕੇ ਵੋਟਰ ਵੈਰੀਫਿਕੇਸ਼ਨ,



ਦਰੁਸਤੀ ਅਤੇ ਕਮੀਆਂ ਨੂੰ ਦੂਰ ਕਰਨ ਸਬੰਧੀ ਫਾਰਮ ਵੰਡੇ ਜਾਣਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਮੋਹਰੇ ਹੋ ਕੇ ਸਾਰੀ ਪ੍ਰਕਿਰਿਆ ਦੀ ਅਗਵਾਈ ਕੀਤੀ ਜਾ ਰਹੀ ਹੈ । ਉਨ੍ਹਾਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਅਪਲ ਕੀਤੀ ਕਿ ਵੋਟਰ ਸੂਚੀਆਂ ਨੂੰ ਅੰਤਿਮ ਰੂਪ ਦੇਣ ਲਈ ਆਪਣੇ-ਆਪਣੇ ਨੁਮਾਇੰਦੇ ਤਾਇਨਾਤ ਕੀਤੇ ਜਾਣ। ਦਸਤਾਵੇਜ਼ਾਂ ਸਬੰਧੀ ਸ਼ੰਕਿਆਂ ਨੂੰ ਦੂਰ ਕਰਦਿਆਂ ਡਿਪਟੀ ਕਮਿਸ਼ਨਰ ਨੇ ਸਪਸ਼ਟ ਕੀਤਾ ਕਿ 2003 ਦੀਆਂ ਵੋਟਰ ਸੂਚੀਆਂ ਮਾਰਗ ਦਰਸ਼ਕ ਵਜੋਂ ਕੰਮ ਕਰ ਰਹੀਆਂ ਹਨ ਅਤੇ ਕੋਈ ਵੀ ਨਾਗਰਿਕ ਆਪਣੀ ਰਿਹਾਇਸ਼ ਦੇ ਸਬੂਤ ਵਜੋਂ ਮਾਪਿਆਂ ਅਤੇ ਦਾਦੀ-ਦਾਦੇ ਨਾਲ ਸਬੰਧਿਤ ਕੋਈ ਵੀ ਦਸਤਾਵੇਜ਼ ਸਬੂਤ ਵਜੋਂ ਪੇਸ਼ ਕਰ ਸਕਦੇ ਹਨ।

# ਹੁਸ਼ਿਆਰਪੁਰ ਨੂੰ ਡੇਂਗੂ ਮੁਕਤ ਕਰਨ ਲਈ ਨਹੀਂ ਛੱਡੀ ਜਾਵੇਗੀ ਕੋਈ ਕਮੀ - ਆਸ਼ਿਕਾ ਜੈਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡੇਂਗੂ ਅਤੇ ਚਿਕਨਗੁਨੀਆ ਵਰਗੀਆਂ ਮੌਸਮੀ ਬਿਮਾਰੀਆਂ ਦੀ ਰੋਕਥਾਮ ਲਈ ਵਿਆਪਕ ਪੱਧਰ ‘ਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸ ਸਬੰਧੀ ਅੱਜ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿੱਚ ਜ਼ਿਲ੍ਹਾ ਪੱਧਰੀ ਇੱਕ ਮਹੱਤਵਪੂਰਨ ਮੀਟਿੰਗ ਕਰਵਾਈ ਗਈ, ਜਿਸ ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕੀਤੀ। ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨੇ ਭਾਗ ਲਿਆ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਵਿੱਚ ਡੇਂਗੂ ਅਤੇ ਚਿਕਨਗੁਨੀਆ ਸਬੰਧੀ ਜਾਗਰੂਕਤਾ ਅਤੇ ਰੋਕਥਾਮ ਕਾਰਜਾਂ ਦੀ ਨਿਗਰਾਨੀ ਲਈ ਡੇਂਗੂ ਐਕਸ਼ਨ ਪਲਾਨ ਦੀ ਕੋਰ ਕਮੇਟੀ ਦਾ ਗਠਨ ਵੀ ਕੀਤਾ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਨੂੰ ਡੇਂਗੂ ਮੁਕਤ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਕੋਈ ਕਮੀ ਨਹੀਂ ਛੱਡੇਗਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਰਸਾਤ ਦੇ ਮੌਸਮ ਤੋਂ ਪਹਿਲਾਂ ਸਾਰੇ ਵਿਭਾਗਾਂ ਨੂੰ ਪੂਰੀ ਗੰਭੀਰਤਾ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਨਾ ਹੋਵ-



ੇਗਾ, ਤਾਂ ਜੋ ਜ਼ਿਲ੍ਹੇ ਵਿੱਚ ਡੇਂਗੂ ਅਤੇ ਚਿਕਨਗੁਨੀਆ ਦੇ ਮਾਮਲਿਆਂ ਨੂੰ ਫੈਲਣ ਤੋਂ ਰੋਕਿਆ ਜਾ ਸਕੇ। ਉਨ੍ਹਾਂ ਸਾਰੇ ਵਿਭਾਗ ਮੁਖੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪਣੇ ਦਫ਼ਤਰਾਂ, ਪਰਿਸਰਾਂ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਕਿਤੇ ਵੀ ਪਾਣੀ ਖੜ੍ਹਾ ਨਾ ਹੋਣ ਦੇਣ। ਉਨ੍ਹਾਂ ਕਿਹਾ ਕਿ ਥੋੜ੍ਹੀ ਜਿਹੀ ਲਾਪਰਵਾਹੀ ਵੀ ਬਿਮਾਰੀ ਦੇ ਫੈਲਾਅ ਦਾ ਕਾਰਨ ਬਣ ਸਕਦੀ ਹੈ। ਡਿਪਟੀ ਕਮਿਸ਼ਨਰ ਨੇ ਸਿਵਲ ਸਰਜਨ ਹੁਸ਼ਿਆਰਪੁਰ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਬਲਾਕ ਪੱਧਰ ‘ਤੇ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਜਾਵੇ, ਜਿਨ੍ਹਾਂ ਵਿੱਚ ਸਿਹਤ ਵਿਭਾਗ, ਪੁਲਿਸ ਵਿਭਾਗ, ਨਗਰ ਕੌਂਸਲਾਂ ਅਤੇ ਗੈਰ-ਸਰਕਾਰੀ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਸ਼ਾਮਲ ਕੀਤਾ ਜਾਵੇ। ਇਹ ਟੀਮਾਂ ਹਫ਼ਤੇ ਵਿੱਚ ਘੱਟੋ-ਘੱਟ ਦੋ ਦਿਨ ਘਰ-ਘਰ ਜਾ ਕੇ ਜਾਂਚ ਕਰਨਗੀਆਂ ਅਤੇ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਸੰਭਾਵਿਤ ਡੇਂਗੂ ਪ੍ਰਭਾਵਿਤ ਇਲਾਕਿਆਂ ਦੀ ਪਛਾਣ ਕਰਕੇ ਲੋੜੀਂਦੀ ਕਾਰਵਾਈ ਯਕੀਨੀ ਬਣਾਉਣਗੀਆਂ। ਉਨ੍ਹਾਂ ਨਗਰ ਨਿਗਮ ਅਤੇ ਨਗਰ ਕੌਂਸਲਾਂ ਨੂੰ ਵੀ ਇਸ ਮਾਮਲੇ ਵਿੱਚ ਗੰਭੀਰਤਾ ਨਾਲ ਕੰਮ ਕਰਨ ਦੀ ਹਦਾਇਤ ਦਿੱਤੀ।

ਉਨ੍ਹਾਂ ਦੱਸਿਆ ਕਿ ਰੈੱਡ ਕਰਾਸ ਸੁਸਾਇਟੀ ਦੇ ਵਲੰਟੀਅਰ ਵੀ ਇਸ ਮੁਹਿੰਮ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹੋਏ ਘਰਾਂ ਅਤੇ ਦੁਕਾਨਾਂ ਦਾ ਸਰਵੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਲੋਕਾਂ ਨੂੰ ਡੇਂਗੂ ਅਤੇ ਚਿਕਨਗੁਨੀਆ ਵਰਗੀਆਂ ਗੰਭੀਰ ਬਿਮਾਰੀਆਂ ਪ੍ਰਤੀ ਜਾਗਰੂਕ ਕਰਨਾ ਅਤੇ ਇਨ੍ਹਾਂ ਦੇ ਫੈਲਾਅ ਨੂੰ ਰੋਕਣਾ ਹੈ। ਉਨ੍ਹਾਂ ਦੱਸਿਆ ਕਿ ਲੋੜ ਵਾਲੇ ਇਲਾਕਿਆਂ ਵਿੱਚ ਲਾਰਵੀਸਾਈਡ ਸਪਰੇ ਵੀ ਕਰਵਾਇਆ ਜਾਵੇਗਾ, ਤਾਂ ਜੋ ਮੱਛਰਾਂ ਦੀ ਪੈਦਾਵਾਰ ਨੂੰ ਰੋਕਿਆ ਜਾ ਸਕੇ।

# ਐਸ.ਆਈ.ਆਰ. ਤਹਿਤ 25 ਜੂਨ ਤੋਂ ਘਰ-ਘਰ ਜਾ ਕੇ ਫਾਰਮ ਭਰਵਾਉਣਗੇ ਬੀ.ਐਲ.ਓ - ਆਸ਼ਿਕਾ ਜੈਨ

## ਜ਼ਿਲ੍ਹਾ ਚੋਣ ਅਫ਼ਸਰ ਨੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਕੀਤੀ ਮੀਟਿੰਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਭਾਰਤ ਚੋਣ ਕਮਿਸ਼ਨ ਵੱਲੋਂ ਪੰਜਾਬ ਵਿੱਚ ਸ਼ੁਰੂ ਕੀਤੀਆਂ ਜਾ ਰਹੀਆਂ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਵੀਜ਼ਨ (ਐਸ.ਆਈ.ਆਰ.) ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੋਗਰਾਮ ਤਹਿਤ 25 ਜੂਨ, 2026 ਤੋਂ 24 ਜੁਲਾਈ, 2026 ਤੱਕ ਬੀ.ਐਲ.ਓ. ਜ਼ਿਲ੍ਹੇ ਵਿੱਚ ਘਰ-ਘਰ ਜਾ ਕੇ ਵੋਟਰ ਫਾਰਮ ਭਰਵਾਉਣਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਤਹਿਤ ਇਹ ਸਾਰੀ ਪ੍ਰਕਿਰਿਆ ਪਾਰਦਰਸ਼ਤਾ, ਨਿਰਪੱਖਤਾ ਅਤੇ ਨਿਰਧਾਰਤ ਨਿਯਮਾਂ ਦੇ ਅੰਦਰ ਕੀਤੀ ਜਾਵੇਗੀ ਤਾਂ ਜੋ ਹਰੇਕ ਯੋਗ ਨਾਗਰਿਕ ਦਾ ਨਾਮ ਵੋਟਰ ਸੂਚੀ ਵਿੱਚ ਸ਼ਾਮਲ ਕੀਤਾ ਜਾ ਸਕੇ ਅਤੇ ਅਯੋਗ ਵਿਅਕਤੀਆਂ ਦੇ ਨਾਮ ਸੂਚੀ ਵਿੱਚੋਂ ਹਟਾ ਦਿੱਤੇ ਜਾਣ। ਉਨ੍ਹਾਂ ਸਪੱਸ਼ਟ ਕੀਤਾ ਕਿ ਐਸ.ਆਈ.ਆਰ ਤਹਿਤ ਸਾਰੇ ਵੋਟਰਾਂ ਲਈ ਬੀ.ਐਲ.ਓ. ਵਲੋਂ ਦਿੱਤੇ ਜਾਣ ਵਾਲੇ ਫਾਰਮ ਨੂੰ ਭਰਨਾ ਜ਼ਰੂਰੀ ਹੋਵੇਗਾ। ਮੀਟਿੰਗ ਦੌਰਾਨ ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਬੀ.ਐਲ.ਓਜ਼ ਦੀ ਸਿਖਲਾਈ ਅਤੇ ਹੋਰ ਸਾਰੀਆਂ ਤਿਆਰੀਆਂ 15 ਜੂਨ



ਤੋਂ 24 ਜੂਨ, 2026 ਦੇ ਵਿਚਕਾਰ ਪੂਰੀਆਂ ਕੀਤੀਆਂ ਜਾਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਪ੍ਰੀ-ਐਸ.ਆਈ.ਆਰ ਮੈਪਿੰਗ ਦੇ ਤਹਿਤ ਜ਼ਿਲ੍ਹੇ ਦੇ ਕੁੱਲ 12,68,522 ਵੋਟਰਾਂ ਵਿੱਚੋਂ 11,14,487 ਵੋਟਰਾਂ ਦੀ ਮੈਪਿੰਗ ਪੂਰੀ ਹੋ ਗਈ ਹੈ, ਜੋ ਕਿ ਕੁੱਲ ਵੋਟਰਾਂ ਦਾ 87.86 ਪ੍ਰਤੀਸ਼ਤ ਹੈ। ਉਨ੍ਹਾਂ ਦੱਸਿਆ ਕਿ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜੇਸ਼ਨ 24 ਜੁਲਾਈ, 2026 ਤੱਕ ਪੂਰੀ ਹੋ ਜਾਵੇਗੀ, ਅਤੇ ਡਰਾਫਟ ਵੋਟਰ ਸੂਚੀ 31 ਜੁਲਾਈ, 2026 ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਵੋਟਰ ਸੂਚੀਆਂ ਸਬੰਧੀ ਦਾਅਵੇ ਅਤੇ ਇਤਰਾਜ਼ 31 ਜੁਲਾਈ ਤੋਂ 30 ਅਗਸਤ, 2026 ਤੱਕ ਪ੍ਰਾਪਤ ਕੀਤੇ ਜਾਣਗੇ ਅਤੇ 28 ਸਤੰਬਰ, 2026 ਤੱਕ ਹੱਲ ਕੀਤੇ ਜਾਣਗੇ। ਸਾਰੇ ਦਾਅਵਿਆਂ ਅਤੇ ਇਤਰਾਜ਼ਾਂ ਦੇ ਨਿਪਟਾਰੇ ਤੋਂ ਬਾਅਦ ਅੰਤਿਮ ਵੋਟਰ ਸੂਚੀ 1 ਅਕਤੂਬਰ, 2026 ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ। ਜ਼ਿਲ੍ਹਾ ਚੋਣ ਅਫ਼ਸਰ ਨੇ ਜ਼ਿਲ੍ਹੇ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਇਸ ਵਿਸ਼ੇਸ਼ ਮੁਹਿੰਮ ਦੇ ਸਫਲ ਅਤੇ ਪਾਰਦਰਸ਼ੀ ਸੰਪੂਰਨਤਾ ਨੂੰ ਯਕੀਨੀ ਬਣਾਉਣ ਲਈ ਪ੍ਰਸ਼ਾਸਨ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਆਪਣੇ ਬੂਥ ਪੱਧਰੀ ਏਜੰਟ ਵੀ ਨਿਯੁਕਤ ਕੀਤੇ ਅਤੇ ਵੋਟਰਾਂ ਨੂੰ ਸਮੇਂ ਸਿਰ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਾਉਣ ਲਈ ਉਤਸ਼ਾਹਿਤ ਕੀਤਾ।

# ਪੰਜਾਬ ਸਰਕਾਰ ਆਸ਼ਾ ਵਰਕਰਾਂ ਤੇ ਫੈਸੀਲੀਟੇਟਰਾਂ ਦੀਆਂ ਮੰਗਾਂ ਦਾ ਤੁਰੰਤ ਕਰੇ ਨਿਪਟਾਰਾ, ਨੀਤੀਆਂ ਤੋਂ ਉੱਠ ਰਿਹਾ ਭਰੋਸਾ: ਮਹਾਂ ਸਿੰਘ ਰੌੜੀ

**ਬਲਾਚੌਰ 19ਮਈ (ਜਤਿੰਦਰ ਪਾਲ ਸਿੰਘ ਕਲੇਰ )** ਆਸ਼ਾ ਵਰਕਰ ਤੇ ਫੈਸੀਲੀਟੇਟਰ ਵਰਕਰ ਯੂਨੀਅਨ ਵੱਲੋਂ ਆਪਣੀਆਂ ਹੱਕੀ ਅਤੇ ਜਾਇਜ਼ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਖਿਲਾਫ਼ ਮੋਰਚਾ ਖੋਲ੍ਹ ਦਿੱਤਾ ਗਿਆ ਹੈ। ਇਸੇ ਸਬੰਧ ਵਿੱਚ ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨ ਦੇ ਸੂਬਾਈ ਜਨਰਲ ਸਕੱਤਰ ਮਹਾਂ ਸਿੰਘ ਰੌੜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਜਥੇਬੰਦੀ ਨੂੰ ਦਿੱਤੇ ਸਮੇਂ ਮੁਤਾਬਕ ਗੱਲਬਾਤ ਕਰਕੇ ਮੰਗਾਂ ਦਾ ਤੁਰੰਤ ਨਿਪਟਾਰਾ ਕਰੇ, ਨਹੀਂ ਤਾਂ ਆਉਣ ਵਾਲੇ ਦਿਨਾਂ ਵਿੱਚ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਮਹਾਂ ਸਿੰਘ ਰੌੜੀ ਨੇ ਦੱਸਿਆ ਕਿ ਬੀਤੀ 5 ਮਈ 2026 ਨੂੰ ਚੰਡੀਗੜ੍ਹ ਵਿਖੇ ਆਸ਼ਾ ਵਰਕਰਾਂ ਅਤੇ ਫੈਸੀਲੀਟੇਟਰਾਂ ਵੱਲੋਂ ਇਕ ਵਿਸ਼ਾਲ ਧਰਨਾ ਦਿੱਤਾ ਗਿਆ ਸੀ। ਇਸ ਧਰਨੇ ਦੌਰਾਨ ਮੁੱਖ ਮੰਗਾਂ ਸਨ ਆਸ਼ਾ ਵਰਕਰਾਂ ਤੇ ਫੈਸੀਲੀਟੇਟਰਾਂ ਨੂੰ ਪੂਰਨ ਵਰਕਰ ਮੰਨ ਕੇ ਘੱਟੋ-ਘੱਟ ਉਜਰਤ ਦੇ ਘੇਰੇ ਵਿੱਚ ਲਿਆਂਦਾ ਜਾਵੇ। ਜਦੋਂ ਤੱਕ ਰੈਗੂਲਰ ਨਹੀਂ ਕੀਤਾ ਜਾਂਦਾ, ਉਦੋਂ ਤੱਕ ਚੋਣ ਵਾਅਦਿਆਂ ਮੁਤਾਬਕ ਮਾਣ-ਭੱਤਾ



ਦੁੱਗਣਾ ਕੀਤਾ ਜਾਵੇ। ਮਤੇ ਦੇ ਨਾਲ ਨਿਯੁਕਤੀ ਪੱਤਰ ਦੇਣ ਸਮੇਂ ਜੋ ਇੰਸੈਂਟਿਵ ਦਿੱਤਾ ਗਿਆ ਸੀ, ਉਸ ਨੂੰ ਪੂਰੀ ਤਰ੍ਹਾਂ ਬਹਾਲ ਕੀਤਾ ਜਾਵੇ। ਸਰਕਾਰ ਨੇ ਬਦਲਿਆ ਮੀਟਿੰਗ ਦਾ ਸਮਾਂ, ਜਥੇਬੰਦੀ ਵਿੱਚ ਰੋਸ ਸੀਟੂ ਆਗੂ ਨੇ ਦੱਸਿਆ ਕਿ ਚੰਡੀਗੜ੍ਹ ਧਰਨੇ ਦੌਰਾਨ ਸਿਹਤ ਵਿਭਾਗ ਦੇ ਡਾਇਰੈਕਟਰ ਮੈਡਮ ਬਲਵੀਰ ਕੌਰ ਨੇ ਮੰਗ ਪੱਤਰ ਲੈਂਦਿਆਂ ਆਸ਼ਾ ਵਰਕਰਾਂ ਨੂੰ ਸਿਹਤ ਵਿਭਾਗ ਦੀ ਰੀੜ੍ਹ ਦੀ ਹੱਡੀ ਦੱਸਿਆ ਸੀ ਅਤੇ ਮਸਲਿਆਂ ਦੇ ਹੱਲ ਲਈ 13 ਮਈ 2026 ਦਾ ਸਮਾਂ ਦਿੱਤਾ ਸੀ। ਪਰ ਅਫ਼ਸੋਸ, ਸਰਕਾਰ ਨੇ ਆਪਣੀ ਪੁਰਾਣੀ ਆਦਤ ਮੁਤਾਬਕ ਮੀਟਿੰਗ ਦਾ ਸਮਾਂ ਬਦਲ ਦਿੱਤਾ, ਜਿਸ ਨਾਲ ਮੁਲਾਜ਼ਮਾਂ ਦਾ ਸਰਕਾਰ ਤੋਂ ਵਿਸ਼ਵਾਸ ਉੱਠ ਰਿਹਾ ਹੈ। ਹੁਣ ਸਰਕਾਰ ਵੱਲੋਂ ਜਥੇਬੰਦੀ ਨੂੰ 19 ਮਈ 2026 ਦਾ ਨਵਾਂ ਸਮਾਂ ਦਿੱਤਾ ਗਿਆ ਹੈ। ਮਹਾਂ ਸਿੰਘ ਰੌੜੀ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਨਿਯਤ ਸਮੇਂ ਤੇ ਸਰਕਾਰ ਸੁਹਿਰਦਤਾ ਨਾਲ ਗੱਲਬਾਤ ਕਰੇ ਕਿਉਂਕਿ ਮੰਗਾਂ ਦੇ ਨਿਪਟਾਰੇ ਵਿੱਚ ਹੀ ਸਰਕਾਰ, ਜਥੇਬੰਦੀ ਅਤੇ ਆਮ ਲੋਕਾਂ ਦਾ ਭਲਾ ਹੈ। ਉਨ੍ਹਾਂ ਸਾਫ਼ ਸ਼ਬਦਾਂ ਵਿੱਚ ਆਖਿਆ ਕਿ ਦੇਸ਼ ਪੱਧਰ ਤੇ ਸੀਟੂ ਇਨ੍ਹਾਂ ਸਕੀਮ ਵਰਕਰਾਂ ਦੇ ਨਾਲ ਖੜ੍ਹੀ ਹੈ ਅਤੇ ਜੇਕਰ ਇਸ ਵਾਰ ਵੀ ਕੋਈ ਸਕਾਰਾਤਮਕ ਹੱਲ ਨਾ ਨਿਕਲਿਆ, ਤਾਂ ਸੀਟੂ ਆਸ਼ਾ ਵਰਕਰਾਂ ਦੇ ਸੰਘਰਸ਼ ਵਿੱਚ ਪੂਰਾ ਸਹਿਯੋਗ ਕਰਦਿਆਂ ਤਿੱਖਾ ਅੰਦੋਲਨ ਸ਼ੁਰੂ ਕਰੇਗੀ।

# ਐੱਸ.ਐੱਸ.ਡੀ ਕਾਲਜ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀ ਭਰਮਾਰ

## ਬੀ.ਬੀ.ਏ ਅਤੇ ਬੀ.ਸੀ.ਏ 'ਚ ਹੋ ਰਹੇ ਹਨ ਧੜਾਧੜ ਦਾਖਲੇ






**ਬਰਨਾਲਾ, 19 ਮਈ (ਚੰਡਿਹੋਕ) :** ਐੱਸ.ਐੱਸ.ਡੀ ਕਾਲਜ ਬਰਨਾਲਾ ਵਿੱਚ ਨਵੇਂ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਵਿੱਚ ਬਹੁਤ ਉਤਸਾਹ ਪਾਇਆ ਜਾ ਰਿਹਾ ਹੈ, ਕਿਉਂਕਿ ਇਸ ਵਾਰ ਐੱਸ.ਐੱਸ.ਡੀ ਕਾਲਜ ਬਰਨਾਲਾ ਵਿੱਚ ਕਈ ਨਵੇਂ ਕੋਰਸ ਸ਼ੁਰੂ ਕੀਤੇ ਗਏ ਹਨ। ਕਾਲਜ ਦੇ ਪ੍ਰਿੰਸੀਪਲ ਡਾ: ਰਾਕੇਸ਼ ਜਿੰਦਲ ਨੇ ਦੱਸਿਆ ਹੈ ਕਿ ਐੱਸ.ਐੱਸ.ਡੀ ਕਾਲਜ ਵਿੱਚ ਬੀ.ਏ, ਬੀ.ਸੀ.ਏ, ਬੀ-ਕਾਮ, ਐਮ.ਏ ਹਿਸਟਰੀ, ਐਮ.ਏ ਪੰਜਾਬੀ, ਐਮ.ਐਸ.ਸੀ ਆਈ.ਟੀ, ਪੀ.ਜੀ.ਡੀ.ਸੀ.ਏ ਅਤੇ ਐਮ ਕਾਮ, ਬੀ.ਬੀ.ਏ ਅਤੇ ਬੀ.ਐਸ.ਸੀ ਮੈਡੀਕਲ ਅਤੇ ਨਾਨ ਮੈਡੀਕਲ ਕੋਰਸਾਂ ਸਮੇਤ ਕਈ ਹੋਰ ਨਵੇਂ ਕੋਰਸ ਸ਼ੁਰੂ ਕੀਤੇ ਗਏ ਹਨ। ਇਹਨਾਂ ਸਾਰੇ ਕੋਰਸਾਂ ਕਰਕੇ ਇਲਾਕਾ ਭਰ ਦੇ ਵਿਦਿਆਰਥੀਆਂ ਦਾ ਰੁਝਾਨ ਐੱਸ.ਐੱਸ.ਡੀ ਕਾਲਜ ਵੱਲ ਹੋਇਆ ਹੈ। ਐੱਸ.ਡੀ ਸਭਾ (ਰਜਿ:) ਦੇ ਚੇਅਰਮੈਨ ਡਾ. ਪੀਨਾਂਕ ਮੌਦਗਿੱਲ ਨੇ ਦੱਸਿਆ ਕਿ ਕਾਲਜ ਦੇ ਵਿਦਿਆਰਥੀਆਂ ਵੱਲੋਂ ਵਿਦਿਅਕ ਖੇਤਰ ਦੇ ਨਾਲ ਨਾਲ ਖੇਡਾਂ ਅਤੇ ਸੱਭਿਆਚਾਰ ਦੇ ਖੇਤਰ ਪ੍ਰਾਪਤ ਕੀਤੀ ਉਪਲੱਬਧੀਆਂ ਨੇ ਦਰਸਾ ਦਿੱਤਾ ਹੈ ਕਿ ਇਲਾਕੇ ਭਰ ਦੇ ਕਾਲਜਾਂ ਵਿੱਚੋਂ ਐੱਸ.ਐੱਸ.ਡੀ ਕਾਲਜ ਹੀ ਸਿਰਕੱਢ ਕਾਲਜ ਹੈ। ਇਸ ਲਈ ਐੱਸ.ਐੱਸ.ਡੀ ਕਾਲਜ ਹੁਣ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣ ਗਿਆ ਹੈ। ਉਹਨਾਂ ਦੱਸਿਆ ਕਿ ਬੀ.ਬੀ.ਏ ਅਤੇ ਬੀ.ਸੀ.ਏ ਵਿੱਚ ਵਿਦਿਆਰਥੀ ਧੜਾਧੜ ਦਾਖਲੇ ਹੋ ਰਹੇ ਹਨ, ਕਿਉਂਕਿ ਉਹਨਾਂ ਨੂੰ ਪਿਛਲੇ ਸਾਲ ਵਾਂਗ ਬੀ.ਬੀ.ਏ ਅਤੇ ਬੀ.ਸੀ.ਏ ਦੀਆਂ ਸੀਟਾਂ ਜਲਦੀ ਭਰ ਜਾਣ ਦਾ ਡਰ ਹੈ। ਐੱਸ.ਡੀ ਸਭਾ ਦੇ ਜਨਰਲ ਸਕੱਤਰ ਸ੍ਰੀ ਸਿਵ ਸਿੰਗਲਾ ਨੇ ਕਿਹਾ ਹੈ ਕਿ ਬਹੁਤ ਹੀ ਕਾਬਲ ਸਟਾਫ ਸਦਕਾ ਖੁੱਲੇ ਵਾਤਾਵਰਣ ਵਿੱਚ ਵੱਡੇ ਵੱਡੇ ਖੇਡ ਮੈਦਾਨਾਂ ਵਾਲੇ ਐੱਸ.ਐੱਸ.ਡੀ ਕਾਲਜ 'ਚ ਪੜਨ ਵਾਲੇ ਵਿਦਿਆਰਥੀਆਂ ਨੇ ਹਰ ਖੇਤਰ ਵਿੱਚ ਮੱਲਾਂ ਮਾਰੀਆਂ ਹਨ। ਜਿਥੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਵਿਦਿਆਰਥੀਆਂ ਨੇ ਲਾ-ਮਿਸਾਲ ਰੁਤਬੇ ਹਾਸਲ ਕੀਤੇ ਹਨ, ਉਥੇ ਖੇਡਾਂ ਦੇ ਖੇਤਰ ਵਿੱਚ ਵੀ ਸੂਬਾ ਅਤੇ ਨੈਸ਼ਨਲ ਪੱਧਰ ’ਤੇ ਤਮਗੇ ਜਿੱਤ ਕੇ ਵਿਦਿਆਰਥੀਆਂ ਨੇ ਕਾਲਜ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ । ਉਹਨਾਂ ਦੱਸਿਆ ਹੈ ਕਿ ਬੱਸ ਸਟੈਂਡ ਬਰਨਾਲਾ ਦੇ ਨਜ਼ਦੀਕ ਤਰਕਸੀਲ ਚੌਂਕ ਤੋਂ ਮਹਿਜ ਕੁੱਝ ਹੀ ਮੀਟਰ ਦੂਰ ਹੋਣ ਕਾਰਨ ਨੇੜਲੇ ਪਿੰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਆਵਾਜਾਈ ਬਹੁਤ ਹੀ ਆਸਾਨ ਹੈ। ਇਸ ਕਰਕੇ ਹੁਣ ਵਿਦਿਆਰਥੀਆਂ ਦੀ ਪਹਿਲੀ ਪਸੰਦ ਐੱਸ.ਐੱਸ.ਡੀ ਕਾਲਜ ਬਣ ਗਿਆ ਹੈ। ਇਸ ਲਈ ਕਾਲਜ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀ ਭਰਮਾਰ ਹੈ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਈ ਮਹੀਨੇ ਦੀ ਮੀਟਿੰਗ ਮਾਂ ਦਿਵਸ ਅਤੇ ਮਜ਼ਦੂਰ ਦਿਵਸ ਨੂੰ ਸਮਰਪਿਤ ਰਹੀ

**ਕੇਨੈਡਾ ਕੈਲਗਰੀ (ਹਰਜਿੰਦਰ ਪਾਲ ਛਾਬੜਾ)** ਦਵਿੰਦਰ ਮਲਹਾਂਸ : ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਈ ਮਹੀਨੇ ਦੀ ਮੀਟਿੰਗ ਕੋਸੋ ਹਾਲ ਵਿਖੇ ਪ੍ਰਧਾਨ ਰਣਜੀਤ ਸਿੰਘ ਅਤੇ ਗਿੱਲ ਸੁਖਮਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ।ਜਨਰਲ ਸਕੱਤਰ ਦਵਿੰਦਰ ਮਲਹਾਂਸ ਨੇ ਸ਼ੋਕ ਮਤੇ ਸਾਂਝੇ ਕੀਤੇ ।ਉੱਘੇ ਸਾਹਿਤਕਾਰ ਸੁਰਜੀਤ ਸਿੰਘ ਪੰਛੀ ਅਤੇ ਮਸ਼ਹੂਰ ਗੀਤਕਾਰ ਚੰਨ ਗੁਰਾਂਇਆਂ ਵਾਲੇ ਦੇ ਸਦੀਵੀ ਵਿਛੋੜੇ ਉੱਪਰ ਦੁੱਖ ਪ੍ਰਗਟਾਉਂਦੇ ਹੋਏ ਸ਼ਰਧਾਂ ਦੇ ਫੁੱਲ ਭੇਂਟ ਕੀਤੇ ਗਏ ।ਮੀਟਿੰਗ ਦੀ ਸ਼ੁਰੂਆਤ ਮਨਮੋਹਣ ਸਿੰਘ ਬਾਠ ਨੇ ‘ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ ‘ ਗੀਤ ਨਾਲ ਕੀਤੀ ।ਹਰੀਪਾਲ ਜੀ ਨੇ ‘ਗਰੀਬੀ ਦੇ ਕਾਲ ਚੱਕਰ ‘ ਬਾਰੇ ਵਿਚਾਰ ਸਾਂਝੇ ਕੀਤੇ ।ਜਗਦੀਸ ਸਿੰਘ ਚੋਹਕਾ ਨੇ ਮਜ਼ਦੂਰ ਦਿਵਸ ਤੇ ਵਿਸ਼ੇਸ਼ ਤੌਰ ‘ਸਿਕਾਗੋ 1886’ ਦੇ ਇਤਿਹਾਸ ਬਾਰੇ ਚਾਨਣਾ ਪਾਇਆ ।ਜਗਤਾਰ



ਜਗਰਾਓਂ ,ਰਾਜਿੰਦਰ ਕੌਰ ਚੋਹਕਾ ਅਤੇ ਇੰਜ.ਜੀਰ ਸਿੰਘ ਬਰਾੜ ਮਜ਼ਦੂਰ ਦਿਵਸ ਯਾਦ ਕਰਦਿਆਂ ਆਪਣੇ ਵਿਚਾਰ ਸਾਂਝੇ ਕੀਤੇ ।ਸੁਖਜੀਤ ਸਿਮਰਨ ਨੇ ਸ਼ਿਵਰਾਜ ਲੁਧਿਆਣਵੀ ਦੀ ਕਵਿਤਾ ਪੇਸ਼ ਕੀਤੀ ।ਪਰਮਜੀਤ ਕੌਰ ਨੇ ਸੁਰਜੀਤ ਪਾਤਰ ਨੂੰ ਯਾਦ ਕਰਦਿਆਂ, ‘ਸੁੰਨੇ ਸੁੰਨੇ ਰਾਹਾਂ ਵਿਚ ਕੋਈ ਕੋਈ ਪੈੜ ਹੈ’ ਗੀਤ ਸੁਣਾਇਆ ।ਤਰਲੋਚਨ ਸੈਹਿੰਬੀ ਨੇ ਮੰਗਾ ਬਾਸੀ ਦੀ ਰਚਨਾ ਸੁਣਾਈ ।ਗਿੱਲ ਸੁਖਮਿੰਦਰ ਸਿੰਘ ਨੇ ਹਰਮੋਨੀਅਮ ਨਾਲ ਗੀਤ ਗਾਇਆ ।ਸੁਰਿੰਦਰ ਕੌਰ ਚੀਮਾਂ ਨੇ ਵੀ ਹਾਜ਼ਰੀ ਲਗਵਾਈ ।ਚਾਹ-ਪਾਣੀ ਅਤੇ ਫੋਟੋਗ੍ਰਾਫੀ ਦੀ ਸੇਵਾ ਜਗਤਾਰ ਜਗਰਾਓਂ ਨੇ ਨਿਭਾਈ ।ਆਖਿਰ ਵਿੱਚ ਪ੍ਰਧਾਨ ਰਣਜੀਤ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ । ਬੱਚਿਆਂ ਦੇ ਪੰਜਾਬੀ ਬੋਲਣ ਦੀ ਮੁਹਾਰਤ ਦਾ ਸਮਾਗਮ ਜੋ ਕਿ 20 ਜੂਨ 2026 ਨੂੰ ਵਾਈਟ ਹੋਰਨ ਕਮਿਊਨਿਟੀ ਹਾਲ ਵਿਖੇ ਠੀਕ 1:30 ਵਜੇ ਸ਼ੁਰੂ ਹੋਵੇਗਾ, ਬਾਰੇ ਜਾਣਕਾਰੀ ਸਾਂਝੀ ਕੀਤੀ ।ਹੋਰ ਜਾਣਕਾਰੀ ਲਈ ਪ੍ਰਧਾਨ ਰਣਜੀਤ ਸਿੰਘ ਨੂੰ 825 735 1466 ਜਨਰਲ ਸਕੱਤਰ ਦਵਿੰਦਰ ਮਲਹਾਂਸ ਨੂੰ 403 993 2201 ਤੇ ਸੰਪਰਕ ਕੀਤਾ ਜਾ ਸਕਦਾ ਹੈ ।

# ਤਿਲੋਕੇ ਪੰਸਾਰੀ ਕੇ

"ਅੱਡੇ ਤੋਂ ਸਿੱਧਾ ਦਾਣਾ ਮੰਡੀ ਵੱਗਜੀਂ ਤੇ ਤਿਲੋਕੇ ਪੰਸਾਰੀ ਦੀ ਹੱਟੀ ਪੁੱਛ ਲਵੀਂ। ਸੇਠ ਨੂੰ ਕਹੀਂ ਬਾਈ ਚਾਰ ਕਿਲੋ ਘਿਓ ਦੀ ਪੰਜੀਰੀ ਬਣਾਉਣੀ ਹੈ। ਬਾਕੀ ਸਾਰਾ ਸਮਾਨ ਸੇਠ ਆਪੇ ਤੋਲ ਦੇਊਗਾ।" ਪਹਿਲਾਂ ਅਕਸਰ ਹੀ ਸਾਡੇ ਇਲਾਕੇ ਦੇ ਬਜੁਰਗ ਜਵਾਨ ਮੁੰਡੇ ਨੂੰ ਮੰਡੀਓ ਸਮਾਨ ਲੈਣ ਜਾਂਦੇ ਨੂੰ ਸਮਝਾਉਂਦੇ ਤੇ ਤਾਕੀਦ ਕਰਦੇ ਵੀ ਤਿਲੋਕੇ ਕੇ ਹੀ ਜਾਣਾ ਹੈ।

"ਨਾ ਨਾ ਮੇਰਾ ਨਾਮ ਲੈਣ ਦੀ ਵੀ ਲੋੜ ਣੀ ਪੈਣੀ।ਬੱਚਾ ਬੁੱਢਾ ਕੋਈ ਹੋਵੇ ਉਹ ਸਭ ਨਾਲ ਮਿੱਠਾ ਬੋਲਦੇ ਹਨ ਤੇ ਪੂਰਾ ਤੋਲਦੇ ਹਨ।" ਬਾਬੇ ਘਰੇ ਬੈਠੇ ਹੀ ਵਿਡਿਆਈ ਕਰਦੇ। ਦੁਕਾਨ ਦਾ ਪੂਰਾ ਨਾਮ 'ਰਾਮਕਰਨ ਦਾਸ ਤਿਰਲੋਕ ਚੰਦ ਪੰਸਾਰੀ' ਸੀ। ਬਹੁਤ ਮਸ਼ਹੂਰ ਦੁਕਾਨ ਸੀ। ਮੈਂ ਵੀ ਛੋਟਾ ਜਿਹਾ ਹੁੰਦਾ ਪਿੰਡੋਂ ਆਉਂਦਾ ਕਈ ਵਾਰੀ ਤੇ ਮੈਂ ਅੱਖਾਂ ਮੀਟਕੇ ਸਮਾਨ ਲੈਂਦਾ। ਭਾਅ ਪੁੱਛਣ ਤੇ ਕੁਆਲਿਟੀ ਵੇਖਣ ਦੀ ਲੋੜ ਨਹੀਂ ਸੀ ਹੁੰਦੀ। ਛੱਤ ਦੇ ਸ਼ਤੀਰਾਂ ਨਾਲ ਸੰਗਲੀ ਪਾਕੇ ਬੰਨੀਆਂ ਵੱਡੀਆਂ ਵੱਡੀਆਂ ਤਕੜੀਆਂ। ਥੋੜਾ ਸਮਾਨ ਜੋਖਣ ਲਈ ਪਿੱਤਲ ਦਾ ਛੋਟਾ ਕੰਡਾ ਤੇ ਪਿੱਤਲ ਦੇ ਹੀ ਵੱਟੇ। ਸੇਠ ਸਾਰਾ ਸਮਾਨ ਆਪ ਹੀ ਤੋਲਦੇ। ਤੋਲਣ ਤੋਂ ਪਹਿਲਾਂ ਸਮਾਨ ਨੂੰ ਸਾਫ ਕਰਦੇ ਜਾਂ ਛੰਡਦੇ ਜ਼ਰੂਰ। ਨਾਲ ਦੀ ਨਾਲ ਮੁਲਾਜਮਾਂ ਨੂੰ ਅੰਦਰੋਂ ਦੂਸਰਾ ਸਮਾਨ ਲਿਆਉਣ ਲਈ ਕਹੀ ਜਾਂਦੇ। ਬਹੁਤ ਮਿੱਠਾ ਬੋਲਦੇ। ਗਰੋਵਰ ਜੋ ਸਨ। ਗੱਲਾਂ ਦੀ ਲੜੀ ਟੁੱਟਣ ਨਾ ਦਿੰਦੇ। ਖੈਰ ਮੈਂ ਤਾਂ ਐਂਕਲ ਪਿਆਰੇ ਲਾਲ, ਅੰਮ੍ਰਿਤ ਲਾਲ ਅਤੇ ਦਰਸ਼ਨ ਕੁਮਾਰ ਨੂੰ ਹੀ ਦੁਕਾਨ ਤੇ ਬੈਠੇ ਵੇਖਿਆ ਹੈ। ਉਂ ਤਾਂ ਕਹਿੰਦੇ ਇਹ ਚਾਰ ਭਰਾ ਸਨ। ਛੋਟਾ ਸ਼ਾਇਦ ਮਾਸਟਰ ਲੱਗ ਗਿਆ ਸੀ ਰਾਜਸਥਾਨ ਚ। ਉਹ ਵੀ ਮਿਸ਼ਰੀ ਵਾਂਗੂ ਮਿੱਠਾ ਬੋਲਦਾ ਸੀ। ਇਹਨਾਂ ਕੋਲ੍ਹ ਬੈਠਾ ਮੁਨੀਮ ਆਪਣੇ ਖਾਤੇ ਲਿਖੀ ਜਾਂਦਾ ਤੇ ਇਹਨਾਂ ਨਾਲ ਹੁੰਗਾਰਾ ਭਰਦਾ ਰਹਿੰਦਾ। ਬਹੁਤ ਲੰਮੀ ਦੁਕਾਨ ਸੀ ਕਈ ਖਣ ਸਨ। ਦੁਕਾਨ ਤੇ ਬੈਠੇ ਖੁਸ਼ ਰਹਿੰਦੇ। ਕਿਸੇ ਵਿੱਚ ਤਲਖੀ ਨਹੀਂ ਸੀ। ਇਹਨਾਂ ਦਾ ਆਪਿਸ ਵਿੱਚ ਬਹੁਤ ਇਤਫ਼ਾਕ ਸੀ। ਜਿੰਨਾ ਵੀ ਬੋਲਦੇ ਪਾਏਦਾਰ ਬੋਲਦੇ। ਹਰ ਗ੍ਰਾਹਕ ਦੇ ਪਰਿਵਾਰ ਦਾ ਹਾਲ ਚਾਲ ਪੁੱਛਦੇ। ਕੋਈ ਨਾ ਕੋਈ ਦੇਸੀ ਨੁਸਖਾ ਵੀ ਦੱਸਦੇ, ਪੰਸਾਰੀ ਸੀ ਨਾ। ਫਿਰ ਮੈਂ ਇਹਨਾਂ ਦੀ ਦੁਕਾਨ ਤੇ ਤਿਰਲੋਕ ਚੰਦ ਪਿਆਰੇ ਲਾਲ ਨਾਮ ਦਾ ਬੋਰਡ ਲੱਗਿਆ ਵੀ ਵੇਖਿਆ। ਸ਼ਾਇਦ ਕੋਈ ਫਰਮ ਅਲੱਗ ਬਣਾ ਲਈ ਸੀ। ਟੈਕਸਾਂ ਦੇ ਸੋ ਚੱਕਰ। ਹੁਣ ਬਹੁਤਾਂ ਦਰਸ਼ਨ ਲਾਲ ਹੀ ਗ੍ਰਾਹਕ ਅਟੈਂਡ ਕਰਦਾ ਤੇ ਪਿਆਰੇ ਲਾਲ ਤੇ ਅੰਮ੍ਰਿਤ ਲਾਲ ਐਂਕਲ ਉਪਰਲੇ ਕੰਮ ਸੰਭਾਲਦੇ। ਇਹ ਦੋਨੇ ਐਂਕਲ ਜੇਬ ਵਿੱਚ ਛੋਟੀਆਂ ਇਲੈਚੀਆਂ ਰੱਖਦੇ। ਜਿਸ ਕੋਲ੍ਹ ਵੀ ਜਾਂਦੇ ਜਾਂ ਜਿੱਥੇ ਵੀ ਮਹਿਫ਼ਿਲ ਲਾਉਂਦੇ ਅਗਲੇ ਨੂੰ ਜੇਬ ਚੋਂ ਕੱਢਕੇ ਇਲਾਇਚੀ ਜਰੂਰ ਖਵਾਉਂਦੇ। ਇਹ ਇਲਾਇਚੀ ਵੀ ਵਾਧੂ ਅਸਰ ਕਰਦੀ। ਫਿਰ ਇੰਨਾ ਦੇ ਜੁਆਕ ਵੱਡੇ ਹੋ ਗਏ। ਪੜ੍ਹ ਲਿਖ ਗਏ। ਅੰਦਰੋਂ ਅੰਦਰੀ ਕੰਮ ਵੰਡ ਲਿਆ। ਅੰਮ੍ਰਿਤੁ ਪਾਲ ਐਂਕਲ ਅਤੇ ਉਸਦੇ ਬੇਟਿਆਂ ਨੇ ਖੰਡ ਘਿਓ ਦਾ ਥੋਕ ਦਾ ਕੰਮ ਕਰ ਲਿਆ ਤੇ ਸ੍ਰੀ ਪਿਆਰੇ ਨਾਲ ਨੇ ਆਪਣੀ ਦੂਸਰੀ ਦੁਕਾਨ ਵਿੱਚ ਕੀੜੇਮਾਰ ਦਵਾਈਆਂ ਦਾ ਕੰਮ ਸ਼ੁਰੂ ਕਰ ਦਿੱਤਾ। ਕਾਜੂ, ਬਾਦਾਮ, ਮਿਸਰੀ ਵੇਚਣ ਵਾਲੇ ਜ਼ਹਿਰ ਵੇਚਣ ਲੱਗ ਪਏ। ਚੰਗੀ ਖੇਤੀ ਲਈ ਚੰਗੀ ਜ਼ਹਿਰ ਵੀ ਜਰੂਰੀ ਹੈ। ਭਲਾ ਦੀ ਅੱਜਕਲ ਸ਼ੁੱਧ ਜ਼ਹਿਰ ਵੀ ਕਿਥੇ ਮਿਲਦੀ ਹੈ। ਇਸੇ ਸ਼ੁੱਧਤਾ ਕਰਕੇ ਹੀ ਹੁਣ ਪੁਰਾਣੇ ਲੋਕ ਓਹੀ ਤਿਲੋਕੇ ਵਾਲਾ ਨਾਮ ਵਰਤਦੇ ਹਨ ਨਵੀ ਪੀੜ੍ਹੀ ਮੁੰਡਿਆਂ ਨੂੰ ਜਾਣਦੀ ਹੈ। ਪੁਰਾਣੀ ਵੱਡੀ ਦੁਕਾਨ ਸ੍ਰੀ ਦਰਸ਼ਨ ਲਾਲ ਦੇ ਹਿੱਸੇ ਆ ਗਈ। ਕਈ ਸਾਲ ਉਹ ਆਪਣੇ ਵਡੇਰਿਆਂ ਦੇ ਨਾਮ ਵਾਲ਼ੀ ਦੁਕਾਨਦਾਰੀ ਕਰਦਾ ਰਿਹਾ। ਉਸ ਨੇ ਉਸ ਫਰਮ ਦੀ ਚਮਕ ਫਿੱਕੀ ਨਹੀਂ ਪੈਣ ਦਿੱਤੀ। ਫਿਰ ਉਹ ਦੁਕਾਨਦਾਰੀ ਛੱਡਕੇ ਆਪਣੇ ਬੇਟੇ ਕੋਲ੍ਹ ਚੰਡੀਗੜ੍ਹ ਚਲਾ ਗਿਆ। ਆਪਣੀਆਂ ਉਮਰਾਂ ਭੋਗਕੇ ਤੇ ਬੱਚੇ ਸੈੱਟ ਕਰਕੇ, ਸ੍ਰੀ ਪਿਆਰੇ ਲਾਲ ਅਤੇ ਐਂਕਲ ਅੰਮ੍ਰਿਤ ਲਾਲ ਇਸ ਸੰਸਾਰ ਤੋਂ ਚਲੇ ਗਏ। ਸੁਣਿਆ ਹੈ ਪਿੱਛੇ ਜਿਹੇ ਦਰਸ਼ਨ ਲਾਲ ਐਂਕਲ ਵੀ ਆਲਵਿਦਾ ਆਖ ਗਿਆ। ਇਲਾਕੇ ਦੀਆਂ ਪੁਰਾਣੀਆਂ ਪੀੜ੍ਹੀਆਂ ਦੇ ਤੁਰ ਜਾਣ ਨਾਲ ਲੋਕ "ਤਿਕੋਲੇ ਪੰਸਾਰੀ ਕੇ" ਨਾਮ ਨੂੰ ਭੁੱਲ ਜਾਣਗੇ। ਲੇਕਿਨ ਉਹਨਾਂ ਦੇ ਦਿੱਤੇ ਸੰਸਕਾਰ ਕਈ ਅਗਲੀਆਂ ਪੀੜ੍ਹੀਆਂ ਤੱਕ ਜਿੰਦਾ ਰਹਿਣਗੇ।





ਰਮੇਸ ਸੇਠੀ ਬਾਦਲ
9876627233

# ਪੰਜਾਬੀ ਲੋਕ ਰਾਜ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਭੰਗੂ ਨੂੰ ਅਮਰੀਕਨ ਯੂਨੀਵਰਸਿਟੀ ਵੱਲੋਂ 'ਡਾਕਟਰੇਟ' ਦੀ ਡਿਗਰੀ ਨਾਲ ਨਿਵਾਜਿਆ

**ਬਠਿੰਡਾ (ਦੀਪਿਕਾ ਸ਼ਰਮਾ)** ਪੰਜਾਬੀ ਮਾਂ-ਬੋਲੀ ਦੇ ਪ੍ਰਸਿੱਧ ਲੇਖਕ, ਫਿਲਮੀ ਅਦਾਕਾਰ ਅਤੇ ਪੰਜਾਬੀ ਲੋਕ ਰਾਜ ਪਾਰਟੀ ਦੇ ਫਾਊਂਡਰ ਮੈਂਬਰ ਤੇ ਸੀਨੀਅਰ ਉਪ-ਪ੍ਰਧਾਨ ਕੋਆਰਡੀਨੇਟਰ ਬਠਿੰਡਾ ਸੰਸਦ ਜਗਤਾਰ ਸਿੰਘ ਭੰਗੂ ਦੇ ਹਿੱਸੇ ਇੱਕ ਹੋਰ ਵੱਡੀ ਅੰਤਰਰਾਸ਼ਟਰੀ ਪ੍ਰਾਪਤੀ ਆਈ ਹੈ। ਬੀਤੇ ਦਿਨੀਂ 16 ਮਈ ਨੂੰ ਦਿੱਲੀ ਦੇ ਆਈ.ਟੀ.ਸੀ. ਹੋਟਲ ਵਿਖੇ ਕਰਵਾਏ ਗਏ ਇੱਕ ਵਿਸ਼ੇਸ਼ ਸਮਾਗਮ ਦੌਰਾਨ 'ਅਮਰੀਕਨ ਮੈਨੇਜਮੈਂਟ ਯੂਨੀਵਰਸਿਟੀ, ਕੈਲੀਫੋਰਨੀਆ (ਅਮਰੀਕਾ)' ਵੱਲੋਂ ਜਗਤਾਰ ਸਿੰਘ ਭੰਗੂ ਨੂੰ ਉਨ੍ਹਾਂ ਦੇ ਸਾਹਿਤਕ, ਸਮਾਜਿਕ ਅਤੇ ਸਭਿਆਚਾਰਕ ਖੇਤਰ ਵਿੱਚ ਪਾਏ ਵਡਮੁੱਲੇ ਯੋਗਦਾਨ ਬਦਲੇ 'ਡਾਕਟਰ ਆਫ਼ ਫਿਲਾਸਫੀ' ਦੀ ਡਿਗਰੀ ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਪ੍ਰਾਪਤੀ ਨਾਲ ਜਿੱਥੇ ਉਨ੍ਹਾਂ ਦੇ ਪ੍ਰਸ਼ੰਸਕਾਂ ਵਿੱਚ ਖੁਸ਼ੀ ਦੀ ਲਹਿਰ ਹੈ, ਉੱਥੇ ਹੀ ਪੂਰੇ ਬਠਿੰਡਾ ਜ਼ਿਲ੍ਹੇ ਅਤੇ ਪੰਜਾਬ ਦਾ ਨਾਂ ਅੰਤਰਰਾਸ਼ਟਰੀ ਪੱਧਰ 'ਤੇ ਚਮਕਿਆ ਹੈ।




ਡਾ. ਜਗਤਾਰ ਸਿੰਘ ਭੰਗੂ ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰ ਰਹੇ ਹਨ ਅਤੇ ਹੁਣ ਤੱਕ ਉਨ੍ਹਾਂ ਦੀਆਂ ਲਿਖੀਆਂ 24 ਸਾਹਿਤਕ ਅਤੇ ਇਤਿਹਾਸਕ ਪੁਸਤਕਾਂ ਮਾਰਕੀਟ ਵਿੱਚ ਆ ਕੇ ਪਾਠਕਾਂ ਦੇ ਰੂ-ਬਰੂ ਹੋ ਚੁੱਕੀਆਂ ਹਨ। ਸਾਹਿਤ ਦੇ ਨਾਲ-ਨਾਲ ਉਨ੍ਹਾਂ ਨੇ ਪੰਜਾਬੀ ਸਿਨੇਮਾ ਜਗਤ ਵਿੱਚ ਵੀ ਆਪਣੀ ਅਦਾਕਾਰੀ ਅਤੇ ਲੇਖਣੀ ਦਾ ਲੋਹਾ ਮੰਨਵਾਇਆ ਹੈ। ਉਹ ਕਈ ਨਾਮਵਰ ਪੰਜਾਬੀ ਫ਼ਿਲਮਾਂ ਵਿੱਚ ਅਹਿਮ ਕਿਰਦਾਰ ਨਿਭਾ ਚੁੱਕੇ ਹਨ ਅਤੇ ਅੱਜ-ਕੱਲ੍ਹ ਉਹ ਆਪਣੀ ਨਵੀਂ ਪੰਜਾਬੀ ਫ਼ਿਲਮ 'ਖੁੰਦਕ' ਨੂੰ ਲੈ ਕੇ ਚਰਚਾ ਵਿੱਚ ਹਨ, ਜਿਸ ਦੀ ਕਹਾਣੀ ਉਨ੍ਹਾਂ ਨੇ ਖ਼ੁਦ ਇਕਾਂਤਵਾਸ ਵਿੱਚ ਰਹਿ ਕੇ ਬੜੀ ਰੀਝ ਨਾਲ ਲਿਖੀ ਹੈ। ਉਹ ਇਸ ਫ਼ਿਲਮ ਦੇ ਬਤੌਰ ਨਿਰਮਾਤਾ ਤੇ ਅਦਾਕਾਰ ਵਜੋਂ ਵੀ ਫ਼ਿਲਮੀ ਪਰਦੇ 'ਤੇ ਨਜ਼ਰ ਆਉਣਗੇ।

ਪੰਜਾਬੀ ਸੱਭਿਆਚਾਰ ਅਤੇ ਆਪਣੀ ਪਾਰਟੀ ਦੀ ਸੋਚ ਨੂੰ ਦੇਸ਼-ਵਿਦੇਸ਼ ਤੱਕ ਪਹੁੰਚਾਉਣ ਲਈ ਭੰਗੂ ਸਾਹਿਬ ਦੁਨੀਆ ਦੇ ਕਰੀਬ ਦੋ ਦਰਜਨ ਮੁਲਕਾਂ ਦਾ ਦੌਰਾ ਕਰ ਚੁੱਕੇ ਹਨ। ਰਾਜਨੀਤਕ ਖੇਤਰ ਵਿੱਚ ਉਹ ਪੰਜਾਬੀ ਲੋਕ ਰਾਜ ਪਾਰਟੀ ਦੇ ਮੋਢੀ ਮੈਂਬਰਾਂ ਵਿੱਚੋਂ ਇੱਕ ਹਨ ਅਤੇ ਮੌਜੂਦਾ ਸਮੇਂ ਸੀਨੀਅਰ ਵਾਈਸ ਪ੍ਰੈਸੀਡੈਂਟ ਵਜੋਂ ਸੇਵਾਵਾਂ ਨਿਭਾਉਂਦੇ ਹੋਏ ਬਠਿੰਡਾ ਪਾਰਲੀਮੈਂਟ ਹਲਕੇ ਦੇ ਕੋਆਰਡੀਨੇਟਰ ਵਜੋਂ ਪਾਰਟੀ ਦੀਆਂ ਗਤੀਵਿਧੀਆਂ ਨੂੰ ਬੁਲੰਦੀਆਂ 'ਤੇ ਲੈ ਕੇ ਜਾ ਰਹੇ ਹਨ।

ਦਿੱਲੀ ਵਿਖੇ ਅਮਰੀਕਨ ਯੂਨੀਵਰਸਿਟੀ ਵੱਲੋਂ ਮਿਲੀ ਇਸ ਵੱਕਾਰੀ ਡਾਕਟਰੇਟ ਦੀ ਡਿਗਰੀ ਲਈ ਡਾ. ਜਗਤਾਰ ਸਿੰਘ ਭੰਗੂ ਨੂੰ ਦੇਸ਼-ਵਿਦੇਸ਼ ਤੋਂ ਸ਼ੁਭਚਿੰਤਕਾਂ, ਲੇਖਕਾਂ, ਫ਼ਿਲਮੀ ਹਸਤੀਆਂ ਅਤੇ ਪੰਜਾਬੀ ਲੋਕ ਰਾਜ ਪਾਰਟੀ ਦੇ ਆਗੂਆਂ ਵੱਲੋਂ ਲਗਾਤਾਰ ਵਧਾਈਆਂ ਮਿਲ ਰਹੀਆਂ ਹਨ। ਸ਼ੁਭਚਿੰਤਕਾਂ ਦਾ ਕਹਿਣਾ ਹੈ ਕਿ ਭੰਗੂ ਜੀ ਵਰਗੀਆਂ ਸ਼ਖ਼ਸੀਅਤਾਂ ਪੰਜਾਬੀਅਤ ਦਾ ਮਾਣ ਹਨ, ਜਿਨ੍ਹਾਂ ਦੀ ਮਿਹਨਤ ਨੂੰ ਅੱਜ ਵਿਸ਼ਵ ਪੱਧਰ 'ਤੇ ਮਾਨਤਾ ਮਿਲੀ ਹੈ।

# "ਬੰਦ ਘਰਾਂ ਦੇ ਵਾਸੀ ਦੀਆਂ ਭਾਵਨਾਵਾਂ ਸਿਰਜਦੀ ਪੁਸਤਕ"

ਪੁਸਤਕ ਦਾ ਨਾਂ - ਬੰਦ ਘਰਾਂ ਦੇ ਵਾਸੀ
ਕਵੀ - ਹਰੀਪਾਲ
ਕਰੀਬ ਪੰਨੇ - 77 ਕੀਮਤ - 80/- ਰੁਪਏ
ਪ੍ਰਕਾਸ਼ਕ - ਚੇਤਨਾ ਪ੍ਰਕਾਸ਼ਨ, ਲੁਧਿਆਣਾ।

ਕਵਿਤਾ ਇਕ ਕੋਮਲਭਾਵੀ ਵਿਧਾ ਹੈ ਅਤੇ ਇਸ ਵਿਧਾ ਰਾਹੀਂ ਪ੍ਰਗਟ ਕੀਤੇ ਗਏ ਭਾਵ ਵੀ ਕੋਮਲ ਹੁੰਦੇ ਹਨ ਜਿਹੜੇ ਕਿਸੇ ਤਰ੍ਹਾਂ ਦੀ ਠੇਸ ਨਾਲ ਟੁੱਟ ਕੇ ਬਿਖਰ ਜਾਂਦੇ ਹਨ। ਸਾਡਾ ਸ਼ਾਇਰ ਹਰੀਪਾਲ ਵੀ ਸੂਖਮ ਵਿਚਾਰਾਂ ਦਾ ਧਾਰਨੀ ਹੈ ਜਿਹੜਾ ਅੱਜਕਲ ਕੈਨੇਡਾ ਦੀ ਧਰਤੀ ਤੇ ਰਹਿੰਦਾ ਹੈ ਅਤੇ ਉਸ ਦੇ ਮਨ ਨੂੰ ਉਥੋਂ ਦੇ ਵਾਤਾਵਰਨ ਨੇ ਕਾਵਿ ਵਿਧਾ ਵੱਲ ਤੋਰਿਆ ਹੈ। ਹਥਲੀ ਪੁਸਤਕ ਹਰੀਪਾਲ ਦਾ ਕਾਵਿ ਸੰਗ੍ਰਹਿ ਹੈ ਜਿਸ ਵਿਚ ਉਸ ਨੇ ਕਰੀਬ ਚੌਂਤੀ ਕਵਿਤਾਵਾਂ ਸ਼ੁਮਾਰ ਕੀਤੀਆਂ ਹਨ ਅਤੇ ਆਪਣੇ ਸਵਰਗੀ ਪਿਤਾ ਗੁਰਮੇਲ ਸਿੰਘ ਹੁਰਾਂ ਨੂੰ ਸਮਰਪਿਤ ਕੀਤੀ ਹੈ।

ਪਿੱਛੇ ਜਿਹੇ ਉਹ ਦੇਸ਼ ਆਇਆ ਤਾਂ ਆਪਣੇ ਹਥਲੇ ਕਾਵਿ ਸੰਗ੍ਰਹਿ ਨਾਲ ਕੈਨੇਡਾ ਦੇ ਹੋਰ ਲੇਖਕਾਂ ਦੀਆਂ ਪੁਸਤਕਾਂ ਪੜਚੋਲ ਕਰਨ ਲਈ ਦਿੱਤੀਆਂ। ਉਸ ਦੇ ਇਸ ਕਾਵਿ ਸੰਗ੍ਰਹਿ ਬੰਦ ਘਰਾਂ ਦੇ ਵਾਸੀ ਦੇ ਅਧਿਐਨ ਕਰਨ ਤੋਂ ਉਸ ਦੀ ਸੋਚ ਅਤੇ ਭਾਵਨਾ ਦਾ ਗਿਆਨ ਹੁੰਦਾ ਹੈ। ਇਸ ਦੀ ਕਵਿਤਾ ਵਿਚ ਅੱਜ ਦੇ ਮਸ਼ੀਨੀ ਯੁੱਗ, ਇਕੱਲਤਾ, ਮਾਂ ਬੋਲੀ, ਮੁਹੱਬਤਾਂ ਅਤੇ ਯਾਦਾਂ ਆਦਿ ਅਨੇਕ ਭਾਵਨਾਵਾਂ ਉਜਾਗਰ ਹੁੰਦੀਆਂ ਹਨ। ਬੰਦ ਘਰਾਂ ਦੇ ਵਾਸੀ ਪੁਸਤਕ ਵਿਚ ਸਤਵੀਂ ਕਵਿਤਾ ਹੈ ਜਿਸ ਉਸ ਨੇ ਵਿਦੇਸ਼ੀ ਜਨ ਜੀਵਨ ਦੀ ਬਾਤ ਪਾਈ ਹੈ ਕਿ ਜਦੋਂ ਲੋਕੀ ਘਰਾਂ ਵਿੱਚ ਹੁੰਦੇ ਹਨ ਤਾਂ ਘਰਾਂ ਨੂੰ ਅੰਦਰੋਂ ਜਿੰਦੇ ਤੇ ਜਦੋਂ ਬਾਹਰ ਹੋਣ ਤਾਂ ਬਾਹਰੋਂ ਜਿੰਦੇ ਲਗੇ ਹੁੰਦੇ ਹਨ। ਉਹਨਾਂ ਦਾ ਕਿਸੇ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਫਿਰ ਉਥੋਂ ਦੇ ਕੰਮ ਲੱਭਣ ਦੀ ਸੋਚ, ਪ੍ਰਸ਼ਾਸ਼ਨਿਕ ਕਾਨੂੰਨ, ਜ਼ਿੰਦਗੀ ਦੀਆਂ ਕੀਮਤਾਂ ਉਤਰਦੇ ਅੱਗੇ ਤੁਰ ਜਾਂਦੇ ਹਨ। ਬਿਗ-ਾਨੇ ਦੇਸ਼ ਵਾਸੀਆਂ ਵੱਲੋਂ ਉਹਨਾਂ ਨੂੰ " ਹਿੰਡੂਜ " ਆਖਣਾ ਜਿਵੇਂ ਅਸੀਂ ਅਤੇ ਭਾਈਆਂ ਨੂੰ ਭਾਈਆ ਆਖਦੇ ਹਾਂ, ਇਕੋ ਵਰਤਾਰਾ ਹੈ।

ਪਾਰਕ ਵਿੱਚ ਬੈਠਾ ਤਾਇਆ ਨਿਹਾਲਾ ਕਵਿਤਾ ਦੇਸ਼ ਵਿੱਚੋ ਪ੍ਰਦੇਸ਼ ਗਏ ਬਜ਼ੁਰਗਾਂ ਦੀ ਸੋਚ ਦਾ ਪ੍ਰਗਟਾਵਾ ਕਰਦੀ ਹੈ। ਕਵਿਤਾ ਦਾ ਬੰਦ ਹੈ -

" ਤਾਇਆ ਨਿਹਾਲਾ
ਪਾਰਕ ਵਿਚ ਬਹਿੰਦਾ ਹੈ
ਕੁਝ ਨਹੀਂ ਬੋਲਦਾ
ਪਰ ਸੋਚਦਾ ਹੀ ਰਹਿੰਦਾ ਹੈ
ਸੋਚਦਾ ਹੀ ਰਹਿੰਦਾ ਹੈ। " (ਪੰਨਾ 28)

ਇਸੇ ਸੰਧਰਭ ਵਿਚ ਅਗਲੀ ਕਵਿਤਾ ਕੈਦ ਸੋਚਾਂ, ਸੋਚਣ ਲਈ ਮਜ਼ਬੂਰ ਕਰਦੀਆਂ ਹਨ ਕਿ




ਨਾ ਇੱਥੇ ਪੇਕੇ ਹਨ ਨਾ ਸਹੁਰੇ ਪਰ ਕਮਾਈ ਦੇ ਚੱਕਰ ਵਿੱਚ ਫਸੇ ਲੋਕ ਇੱਕ ਦੂਜੇ ਤੋਂ ਅੱਗੇ ਹਨ। ਭਾਸ਼ਾਵਾਂ ਦੀ ਗੱਲ ਕਰਦੀ ਕਵਿਤਾ ਮੇਰੀ ਜ਼ੁਬਾਨ ਦੇਸ਼ ਦੇ ਦਰਿਆ, ਬੇਲੇ, ਬੁੱਲੇ ਸ਼ਾਹ ਦੀ ਕਾਫ਼ੀ, ਭਾਈ ਮਨੀ ਸਿੰਘ, ਭਗਤ ਸਿੰਘ ਅਤੇ ਬੋਲੀ ਨੂੰ ਯਾਦ ਕਰਦਿਆਂ ਬੋਲੀ ਨੂੰ ਨਾ ਭੁੱਲਣ ਦਾ ਸੰਦੇਸ਼ ਦਿੰਦੀ ਹੈ। ਕਵਿਤਾਵਾਂ ਯੁੱਧ ਦਾ ਪਹਿਲਾ ਪੜਾਅ ਅਤੇ ਸੰਨ ਸੰਤਾਲੀ ਦੁਬਾਰਾ ਨਹੀਂ ਦੋ ਵੱਖ ਵੱਖ ਲੜਾਈਆਂ ਨੂੰ ਸਮੇਟਦੀ ਹੈ ਪਰ ਦੋਨਾਂ ਦਾ ਮੁੱਖ ਸੰਦੇਸ਼ ਇਕੋ ਹੀ ਹੈ ਕਿ ਲੜਾਈ ਦਾ ਹਰ ਪੜਾਅ ਜਿੱਤ ਨਹੀਂ ਹੁੰਦਾ। ਸਭਨਾਂ ਨੂੰ ਰਲ ਮਿਲ ਕੇ ਇਕੱਠੇ ਰਹਿਣ ਲਈ ਪ੍ਰੇਰਦੀ ਹੈ। ਨਾਲ ਹੀ ਪੁਸਤਕ ਦੀਆਂ ਕਵਿਤਾਵਾਂ ਬੰਦ ਘਰਾਂ ਦੇ ਵਾਸੀ ਅਤੇ ਵੰਗਾਰ ਕੈਨੇਡਾ ਵਿੱਚ ਪਾਸ ਹੋਏ ਬਿੱਲ ਗਿਆਰਾਂ ਦੀ ਗੱਲ ਵੀ ਕਰਦੀਆਂ ਹਨ ਜਿਹੜਾ ਸਿਹਤ ਨੂੰ ਨੁਕਸਾਨ ਪਹੁੰਚਾਉਣ ਵਾਸਤੇ ਬਣਿਆ ਗਿਆ। ਕਵਿਤਾ ਦੇ ਬੋਲ ਹਨ - " ਘਬਰਾਈ ਨਾ ਮੇਰੇ ਦੋਸਤ
ਲੜਾਈ ਦਾ ਹਰ ਪੜਾਅ
ਜਿੱਤ ਨਹੀਂ ਹੁੰਦਾ
ਤੇ ਹਰ ਪੜਾਅ ਤੇ ਅੱਗੇ ਵਧਣਾ
ਸਾਡਾ ਹਿੱਤ ਨਹੀਂ ਹੁੰਦਾ। " (ਪੰਨਾ 39)

ਕਵਿਤਾ ਦਵੰਦ ਆਪਣੀ ਜਨਮ ਭੂਮੀ ਅਤੇ ਵਸੇਵੇ ਦੀ ਯਾਦ ਨੂੰ ਦੁਚਿੱਤੀ ਵਿੱਚ ਪਾਉਂਦੀ ਹੈ। ਵਿਦੇਸ਼ ਗਿਆ ਵਿਅਕਤੀ ਦਾ ਦਿਲ ਕਿਤੇ ਵੀ ਨਹੀਂ ਲਗਦਾ। ਨਾ ਓਥੇ ਰਹਿਣਾ ਚਾਹੁੰਦਾ ਹੈ ਤੇ ਨਾ ਮੁੜ ਦੇਸ਼ ਵਾਪਸ ਆ ਸਕਦਾ ਹੈ। ਉਸ ਵਲੋ ਪਿਆਰੇ ਨਾਲ ਬਿਤਾਏ ਪਲ ਪਿੱਛਾ ਨਹੀਂ ਛੱਡਦੀ। ਕਵਿਤਾ ਨਜ਼ਮ ਦਾ ਸ਼ਿਅਰ ਦੇਖੋ - "
ਜਦ ਕਦੇ ਵੀ
ਯਾਦ ਤੇਰੀ ਦੀ ਗੱਲ ਤੁਰਦੀ ਹੈ
ਮਨ ਦੀ ਮਹਿਫ਼ਲ
ਅੱਖਾਂ ਸਾਹਵੇਂ ਆ ਖੜਦੀ ਹੈ। " (ਪੰਨਾ 66)

ਕਵਿਤਾਵਾਂ ਯਾਦ, ਬੇ - ਬਸੀ, ਮਨੁੱਖ ਦੀ ਮੌਤ ਅਤੇ ਚੀਸ ਵੀ ਕਵੀ ਨੂੰ ਪ੍ਰਭਾਵਿਤ ਕਰਦੀਆਂ ਹਨ । ਉਹ ਸਹਿਗਲ, ਤਲਤ, ਰੂੜੀ ਮਾਰਕਾ, ਘੁੱਗੀਆਂ, ਕਾਂ, ਤੀਆਂ ਨੂੰ ਚੇਤੇ ਕਰਦਾ ਹੈ। ਉਸ ਅਨੁਸਾਰ ਮਨੁੱਖ ਦੀ ਮੌਤ ਗੋਲੀ ਨਾਲ ਨਹੀਂ ਸ਼ਰੀਕਾਂ ਦੀ ਬੋਲੀ ਨਾਲ, ਬਿਮਾਰੀ ਨਾਲ ਨਹੀਂ ਲਾਚਾਰੀ ਨਾਲ ਅਤੇ ਭੁੱਖ ਨਾਲ ਨਹੀਂ ਟੁੱਟੇ ਹੋਏ ਦਿਲ ਨਾਲ ਹੁੰਦੀ ਹੈ ਤੇ ਫਿਰ ਉਸ ਦੇ ਅੰਦਰ ਵਤਨ ਦੀ ਯਾਦ ਦੀ ਚੀਸ ਉੱਠਦੀ ਹੈ।

ਇਹਨਾਂ ਕਵਿਤਾਵਾਂ ਤੋਂ ਇਲ-ਾਵਾ ਕਪੁੱਤਰ, ਠੰਡਾ ਯਸ਼ ਦਿਲ, ਅਸੀਂ ਨਾਸਤਕ ਹਾਂ ਅਤੇ ਸੁਫ਼ਨਾ ਤੇ ਅਸਲੀਅਤ ਵੀ ਪੜ੍ਹਨਯੋਗ ਅਤੇ ਵਿਚਾਰਯੋਗ ਹਨ। ਭਾਵੇਂ ਪੁਸਤਕ ਦੀਆਂ ਰਚਨਾਵਾਂ ਬਹੁਤੀਆਂ ਵਿਦੇਸ਼ ਇਕਲਾਪੇ ਦੇ ਦੁਖਾਂਤ ਦੀਆਂ ਹਨ ਪਰ ਕਵੀ ਦੀਆਂ ਭਾਵਨਾਵਾਂ ਵੀ ਪ੍ਰਗਟ ਕਰਦੀਆਂ ਹਨ। ਬਾਨੀ ਅਤੇ ਪ੍ਰਧਾਨ ਲੇਖਕ ਪਾਠਕ ਸਾਹਿਤ ਸਭਾ ਰਜਿ ਬਰਨਾਲਾ।



**ਰਿਵਿਊਕਾਰ -ਤੇਜਿੰਦਰ ਚੰਡਿਹੋਕ**
**ਸੰਪਰਕ ਨੰਬਰ 95010-00224**






# ਸੂਗਰ (Diabetes) ਕੋਈ ਲਾ ਇਲਾਜ ਬਿਮਾਰੀ ਨਹੀਂ ਹੈ - MD ਡਾਕਟਰ ਜਸਬੀਰ ਸਿੰਘ ਥਿੰਦ

## ਰੋਗੀ ਜੀਅ ਕਰਦਾ ਹੈ ਲੰਮੀ ਉਮਰ

**ਜਲੰਧਰ** -- ਦੋਸਤੋਂ ਸਮੇਂ ਵਿੱਚ ਅਮਰ ਵੇਲ ਵਾਂਗ ਫੈਲ ਰਹੀ ਸ਼ੂਗਰ ਦੀ ਬਿਮਾਰੀ ਨੇ ਲੋਕਾਂ ਦੇ ਸਾਹ ਸੂਤੇ ਹੋਏ ਹਨ। ਹਰ ਘਰ ਕੋਈ ਨਾ ਕੋਈ ਕਿਸੇ ਨਾ ਕਿਸੇ ਉਮਰ ਵਿੱਚ ( Diabetes ) ਸ਼ੂਗਰ ਦਾ ਮਰੀਜ਼ ਮਿਲ ਜਾਵੇਗਾ। ਇਕ ਵਾਰ ਹੋਈ ਡਾਇਬੀਟੀਜ਼ ਕਈ ਵਾਰ ਉਮਰ ਭਰ ਪਿੱਛਾ ਨਹੀਂ ਛਡਦੀ ਕਈ ਵਾਰ ਪਰਹੇਜ਼ ਜੀ ਅਣਗਹਿਲੀ ਮਰੀਜ਼ ਨੂੰ ਭਾਰੀ ਮੁਸੀਬਤ ਵਿੱਚ ਪਾ ਸਕਦੀ ਹੈ ਪੇਸ਼ ਏ ਖ਼ਿਦਮਤ ਹੈ ਜਲੰਧਰ ਦੇ ਜਾਣੇ ਮਾਣੇ ਡਾਕਟਰ ਜਸਵੀਰ ਸਿੰਘ ਥਿੰਦ ਨਾਲ ਡਾਇਬਟੀਜ਼ ਤੇ ਵਿਸ਼ੇਸ਼ ਮੁਲ-ਾਕਾਤ।

**ਡਾਕਟਰ ਸਾਹਬ - ਡਾਇਬਟੀਜ਼ (ਸ਼ੂਗਰ ਰੋਗ) ਕੀ ਹੈ?**

ਜਵਾਬ - ਚੰਦੀ ਸਾਹਬ, ਸ਼ੂਗਰ ਜਾਨੀ (Diabetes) ਇੱਕ ਅਜਿਹੀ ਬਿਮਾਰੀ ਹੈ ਜਿਸ ਵਿੱਚ ਸਰੀਰ ਖ਼ੂਨ ਵਿੱਚ ਮੌਜੂਦ ਸ਼ੂਗਰ (ਗਲੂਕੋਜ਼) ਨੂੰ ਸਹੀ ਢੰਗ ਨਾਲ ਵਰਤਣ ਅਤੇ ਕੰਟਰੋਲ ਕਰਨ ਵਿੱਚ ਅਸਮਰੱਥ ਹੋ ਜਾਂਦਾ ਹੈ ਅਤੇ ਇਸ ਤਰਾਂ ਸ਼ੂਗਰ ਦਾ ਜਨਮ ਹੁੰਦਾ ਹੈ। ਡਾਕਟਰ ਸਾਹਬ - ਜਾਣਕਾਰੀ ਵਿਚ ਥੋੜਾ ਹੋਰ ਵਾਧਾ ਕਰੋ ਅਤੇ ਇਸ ਬਿਮਾਰੀ ਬਾਰੇ ਵਿਸਥਾਰ ਸਹਿਤ ਦਰਸ਼ਕਾਂ ਨੂੰ ਦੱਸੋ ਆਖਰ ਸ਼ੂਗਰ ਕਿਉ ਹੁੰਦੀ ਹੈ?

ਚੰਦੀ ਸਾਹਬ- ਸਾਡੇ ਪੇਟ ਵਿੱਚ ਮੌਜੂਦ ਪੈਨਕ੍ਰੀਅਸ (ਫਓਨਚਰਏਓਸ) ਨਾਮਕ ਅੰਗ ਇਨਸੁਲਿਨ ਨਾਮ ਦਾ ਹਾਰਮੋਨ ਬਣਾਉਂਦਾ ਹੈ। ਇਨਸੁਲਿਨ ਸਾਡੇ ਖਾਣੇ ਨੂੰ ਊਰਜਾ (Energy) ਵਿੱਚ ਬਦਲਣ ਵਿੱਚ ਮਦਦ ਕਰਦਾ ਹੈ। ਜਦੋਂ ਸਰੀਰ ਲੋੜੀਂਦੀ ਮਾਤਰਾ ਵਿੱਚ ਇਨ-ਸੁਲਿਨ ਨਹੀਂ ਬਣਾਉਂਦਾ ਜਾਂ ਇਸਦੀ ਸਹੀ ਵਰਤੋਂ ਨਹੀਂ ਕਰ ਪਾਉਂਦਾ, ਤਾਂ ਖ਼ੂਨ ਵਿੱਚ ਸ਼ੂਗਰ ਦਾ ਪੱਧਰ ਵੱਧ ਜਾਂਦਾ ਹੈ ਇਸ ਤਰਾਂ ਨਾਲ ਇਸ ਬਿਮਾਰੀ ਦੀ ਸ਼ੁਰੂਆਤ ਹੁੰਦੀ ਹੈ।

**ਡਾਕਟਰ ਸਾਹਬ - ਸ਼ੂਗਰ ਕਿੰਨੇ ਪ੍ਰਕਾਰ ਦੀ ਹੁੰਦੀ ਹੈ ਅਤੇ ਇਸ ਦਾ ਇਲਾਜ ਕੀ ਹੈ?**

ਚੰਦੀ ਸਾਹਬ- ਟਾਈਪ 1 ਸ਼ੂਗਰ ਇਹ ਸ਼ੂਗਰ ਦੀ ਗੱਲ ਕਰੀਏ ਤਾਂ ਇਸ ਵਿੱਚ ਸਰੀਰ ਦਾ ਇਮਿਊਨ ਸਿਸਟਮ ਪੈਨਕ੍ਰੀਅਸ ਦੇ ਇਨ-ਸੁਲਿਨ ਬਣਾਉਣ ਵਾਲੇ ਸੈੱਲਾਂ ਨੂੰ ਨਸ਼ਟ ਕਰ ਦਿੰਦਾ ਹੈ। ਇਸਦੇ ਮਰੀਜ਼ਾਂ ਨੂੰ ਸਪੈਸ਼ਲਿਸਟ ਡਾਕਟਰ ਦੀ ਸਲਾਹ ਨਾਲ ਰੋਜ਼ਾਨਾ ਇਨ-ਸੁਲਿਨ ਦੇ ਟੀਕੇ ਲਗਾਉਣੇ ਪੈਂਦੇ ਹਨ। ਇਸੇ ਤਰਾਂ ਜੇਕਰ ਗੱਲ



ਕਰੀਏ ਤਾਂ ਟਾਈਪ 2 ਸ਼ੂਗਰ ਇਹ ਸਭ ਤੋਂ ਆਮ ਕਿਸਮ ਹੈ। ਇਸ ਵਿੱਚ ਸਰੀਰ ਇਨਸੁਲਿਨ ਦੀ ਸਹੀ ਵਰਤੋਂ ਨਹੀਂ ਕਰ ਪਾਉਂਦਾ (ਇਨ-ਸੁਲਿਨ ਪ੍ਰਤੀਰੋਧ)। ਇਸ ਵਿੱਚ ਜੀਵਨ-ਸ਼ੈਲੀ ਅਤੇ ਮੋਟਾਪੇ ਨੂੰ ਮੁੱਖ ਕਾਰਨ ਸਮਝਿਆ ਜਾਂਦਾ ਹੈ।ਇਸ ਤਰ੍ਹਾਂ ਦੇ ਮਰੀਜ਼ਾਂ ਨੂੰ ਸੈਰ ਜ਼ਰੂਰੀ ਹੈ ਅਤੇ ਖਾਨਪਾਨ ਤੇ ਬਹੁਤ ਜ਼ਿਆਦਾ ਕੰਟਰੋਲ ਕਰਨਾਂ ਚਾਹੀਦਾ ਹੈ। ਤੀਸਰਾ ਮੈ ਚਲਦੀ ਗੱਲਬਾਤ ਵਿਚ ਦੱਸ ਦਿਆ ਕਿ ਇਕ ਹੋਰ ਗਰਭਕਾਲੀ ਸ਼ੂਗਰ ਹੁੰਦੀ ਹੈ ਇਹ ਕੁਝ ਔਰਤਾਂ ਨੂੰ ਗਰਭ ਅਵਸਥਾ ਦੌਰਾਨ ਵੀ ਹੁੰਦੀ ਹੈ। ਡਾਕਟਰ ਸਾਹਬ - ਥੋੜਾ ਸ਼ੂਗਰ ਦੇ ਮੁੱਖ ਲੱਛਣਾਂ ਤੇ ਵੀ ਚਾਨਣਾ ਪਾਓ ?

**ਪੇਸ਼ਕਸ਼ ਪੱਤਰਕਾਰ ਹਰਜਿੰਦਰ ਸਿੰਘ ਚੰਦੀ**

ਚੰਦੀ ਸਾਹਬ ਸ਼ੂਗਰ ਦੇ ਮੁੱਖ ਲੱਛਣ ਹਨ ਜਿਵੇਂ-ਬਹੁਤ ਜ਼ਿਆਦਾ ਥਕਾਵਟ ਮਹਿਸੂਸ ਹੋਣਾ।ਬਿਨਾਂ ਕਿਸੇ ਕਾਰਨ ਤੇਜ਼ੀ ਨਾਲ ਭਾਰ ਘਟਣਾ।

**ਅੱਖਾਂ ਦੀ ਰੋਸ਼ਨੀ ਧੁੰਦਲੀ ਹੋਣਾ।ਸੱਟ ਜਾਂ ਜ਼ਖ਼ਮ ਦਾ ਬਹੁਤ ਦੇਰੀ ਨਾਲ ਭਰਨਾ।**

ਚੰਦੀ ਸਾਹਬ - ਕੋਈ ਸ਼ੱਕ ਨਹੀਂ ਕਿ ਸ਼ੂਗਰ ਇਕ ਨਾ ਮੁਰਾਦ ਬਿਮਾਰੀ ਹੈ ਪਰ ਰੋਜ਼ਾਨਾ ਦੀ ਖੁਰਾਕ ਵਿੱਚ ਤਬਦੀਲੀ ਅਤੇ ਡਾਕਟਰੀ ਸਲਾਹ ਨਾਲ ਲੰਮਾ ਅਤੇ ਆਮ ਜੀਵਨ ਮਨੁੱਖ ਜੀ ਸਕਦਾ ਹੈ ਇਸ ਵਿਚ ਮੁੱਖ ਭੂਮਿਕਾ ਖੁਰਾਕ ਦੀ ਹੈ ਜਿਸ ਵਿੱਚ ਮਰੀਜ਼ ਨੂੰ ਮਿੱਠੀਆਂ ਚੀਜ਼ਾਂ, ਚਿੱਟੀ ਖੰਡ ਅਤੇ ਮੈਦੇ ਆਦਿ ਤੋਂ ਪਰਹੇਜ਼ ਕਰਨਾ ਬਹੁਤ ਜ਼ਰੂਰੀ ਹੈ। ਇਸਦੇ ਨਾਲ ਨਾਲ ਮਰੀਜ ਆਪਣੀ ਖੁਰਾਕ ਵਿੱਚ ਫਲ, ਹਰੀਆਂ ਸਬਜ਼ੀਆਂ ਅਤੇ ਸਾਬਤ ਅਨਾਜ ਆਦਿ ਸ਼ਾਮਲ ਕਰੇ। ਸ਼ੂਗਰ ਦੇ ਮਰੀਜ਼ਾਂ ਨੂੰ ਸਮੇਂ ਸਿਰ ਚੈਕਪ ਜ਼ਰੂਰ ਕਰਵਾਉਣਾ ਚਾਹੀਦਾ ਹੈ। ਦੂਜੀ ਹੈ ਸਰੀਰਕ ਕਸਰਤ: ਰੋਜ਼ਾਨਾ ਘੱਟੋ ਘੱਟ 45 ਮਿੰਟ ਦੀ ਸੈਰ ਜਰੂਰ ਕਰੋ ਅਤੇ ਆਪਣੀਆਂ ਸਰੀਰਕ ਗਤੀਵਿਧੀਆਂ ਨੂੰ ਜਾਰੀ ਰੱਖੋ। ਜ਼ਿੰਦਗੀ ਜ਼ਿੰਦਾਬਾਦ ਰਹੇਂਗੀ। ਇਸ ਤਰ੍ਹਾਂ ਸਹੀ ਇਲਾਜ ਅਤੇ ਜੀਵਨ-ਸ਼ੈਲੀ ਵਿੱਚ ਬਦਲਾਅ ਕਰਕੇ ਇਸ ਬਿਮਾਰੀ ਨੂੰ ਪੂਰੀ ਤਰ੍ਹਾਂ ਕੰਟਰੋਲ ਵਿੱਚ ਰੱਖਿਆ ਜਾ ਸਕਦਾ ਹੈ। ਅਤੇ ਆਮ ਵਿਅਕਤੀ ਵਾਗ ਸ਼ੂਗਰ ਰੋਗੀ ਇਕ ਵਧੀਆ ਅਤੇ ਲੰਮੀ ਜ਼ਿੰਦਗੀ ਭੋਗ ਸਕਦਾ ਹੈ। ਸੋ ਪਾਠਕੋ ਇਹ ਸਨ ਐਮ ਡੀ ਡਾਕਟਰ ਜਸਬੀਰ ਸਿੰਘ ਥਿੰਦ (ਸਪੈਸ਼ਲਿਸਟ ਸ਼ੂਗਰ ਅਤੇ ਹਾਰਟ ) ਜੇਕਰ ਤੁਸੀਂ ਸ਼ੂਗਰ ਦੇ ਲੱਛਣ ਮਹਿਸੂਸ ਕਰਦੇ ਹੋ ਤਾਂ ਡਾਕਟਰ ਸਾਹਿਬ ਨਾਲ ਉਨ੍ਹਾਂ ਦੇ ਕਲੀਨਿਕ ਜਾ ਫੋਨ ਨੰਬਰ ਤੇ ਸੰਪਰਕ ਕਰ ਸਕਦੇ ਹੋ ਹੁਣ ਤੱਕ ਹਜ਼ਾਰਾਂ ਸ਼ੂਗਰ ਰੋਗੀ ਡਾਕਟਰ ਜਸਬੀਰ ਸਿੰਘ ਥਿੰਦ ਦੀ ਪ੍ਰੇਰਣਾ ਅਤੇ ਇਲਾਜ ਨਾਲ ਚੰਗਾ ਵਧੀਆ ਜੀਵਨ ਬਸਰ ਕਰ ਰਹੇ ਹਨ। ਇਸ ਤੋਂ ਇਲਾਵਾ ਤੁਸੀਂ ਡਾਕਟਰ ਸਾਹਿਬ ਹੁਣਾ ਪਾਸੋਂ ਹਾਰਟ ਅਤੇ ਹੋਰ ਬਿਮਾਰੀਆਂ ਸਬੰਧੀ ਇਲਾਜ ਲਈ ਸੰਪਰਕ ਕਰ ਸਕਦੇ ਹੋ ਹਸਪਤਾਲ ਸੰਪਰਕ ਪਤਾ ਥਿੰਦ ਮੈਡੀਕਲ ਸੈਂਟਰ ਮਾਹਲ ਰੋਡ ਮਾਡਲ ਟਾਊਨ ਜਲੰਧਰ ਮੋ 9814065364

# (ਮੋਹ ਦੀਆਂ ਤੰਦਾਂ ਸੰਭਾਲੋ)

ਰਿਸ਼ਤਿਆਂ ਦੀ ਮਿਠਾਸ, ਸਾਨੂੰ ਜੋੜਕੇ ਰੱਖਦੀ, ਚੇਤਿਆਂ ਵਿੱਚ ਰਹੇ ਵੱਸਦੀ। ਭਾਵੇਂ ਅਸੀਂ ਅਣਭੋਲ ਹੋਕੇ, ਲੜਦੇ ਰਹੀਏ, ਮੋਹ ਦੀ ਤੰਦ ਜੋੜਕੇ ਰੱਖਦੀ। ਇੱਕ ਵਿਚਾਰਧਾਰਾ ਇਹ ਵੀ ਕਹਿੰਦੀ,ਮੋਹ ਮਾਇਆ ਦੇ ਚੱਕਰਾਂ ਵਿੱਚ ਨਾ ਪਵੋ। ਮਾਨਸਿਕ ਸ਼ਾਂਤੀ ਨਾਲ ਰਹੋ। ਜਿਉਂ ਹੀ ਖੇਤਰ ਤਰੱਕੀ ਕਰਦੇ, ਰਾਜਸੀ ਮਨੋਰਥ ਮੋਹ ਦੀਆਂ ਤੰਦਾਂ, ਤੋੜ ਧਰਦੇ। ਰਾਜਨੀਤਕ ਧਿਰਾਂ ਨੂੰ ਕੋਈ ਲੈਣਾ ਦੇਣਾ ਨਹੀਂ ਹੁੰਦਾ,ਮੋਹ ਮੁਹੱਬਤਾਂ ਟੁਟਣ, ਚਾਹੇ ਲੋਕ ਰਹਿਣ ਮਰਦੇ। ਪਾਕਿਸਤਾਨ ਜਦੋਂ ਬਣਿਆ, ਲੱਖਾਂ ਲੋਕ ਉੱਜੜੇ, ਇਧਰ ਵੀ ਤੇ ਉੱਧਰ ਵੀ, ਸੰਤਾਲੀ ਦੀ ਵੰਡ ਦੇ ਜ਼ਖ਼ਮ ਅਜੇ ਵੀ ਨ੍ਹੀਂ ਭਰੇ। ਜਿਨ੍ਹਾਂ ਤੇ ਬੀਤੀ, ਉਨ੍ਹਾਂ ਨੂੰ ਪੁੱਛੋ ਕਿਵੇਂ ਦਰਦ ਹੰਢਾਇਆ। ਅਜੇ ਤੱਕ ਵੀ ਹੰਝੂ ਨਹੀਂ ਸੁੱਕੇ, ਆਪਣਿਆਂ ਨੂੰ ਭੁਲਾ ਕੇ ਵੀ, ਨਹੀਂ ਗਿਆ ਭੁਲਾਇਆ।ਕਈਆਂ ਦੀ ਜ਼ਬਰੀ ਹੋਗੀ ਧਰਮ ਬਦਲੀ, ਉਨ੍ਹਾਂ ਅਪਣਾ ਮਨ ਸਮਝਾਇਆ। ਮੁੱਦਤਾਂ ਬਾਅਦ ਜਦੋਂ ਹੋਇਆ ਮੇਲ ਅਪਣਿਆਂ ਨਾਲ, ਰੋਣ ਤੋਂ




ਸਿਵਾਏ, ਕੁਝ ਹੱਥ ਨਾ ਆਇਆ।ਪੋਤੇ-ਦੋਹਤੇ ਕਰ ਤਰੱਕੀਆਂ, ਵਿਦੇਸ਼ਾਂ ਵਿੱਚ ਡੇਰਾ ਲਾਇਆ। ਮੋਹ ਦੀਆਂ ਤੰਦਾਂ ਫਿਰ ਜਾਗ ਪਈਆਂ, ਪ੍ਰਭੂ ਪ੍ਰਮਾਤਮਾ ਮੇਲ ਜਦੋਂ ਕਰਾਇਆ। ਸਾਬਤ ਕਰਦਾ ਇਹ ਵਰਤਾਰਾ, ਮਨੁੱਖੀ ਮਾਨਸਿਕਤਾ ਨੂੰ ਕੱਟੜਤਾ ਤੋਂ ਦੂਰ ਰਹਿਣ ਦਾ ਸਬਕ ਪੜ੍ਹਾਇਆ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**

for more news visit:
www.samajweekly.com

# ਸੁਹਾਗਣ ਵਿਧਵਾ (ਕਹਾਣੀ)




ਸੁਮਨ ਇੱਕ ਪ੍ਰਾਈਵੇਟ ਸਕੂਲ ਵਿੱਚ ਨੌਕਰੀ ਦੀ ਇੰਟਰਵਿਊ ਦੇਣ ਲਈ ਗਈ। ਉੱਥੇ ਕੋਈ ਵੀਹ ਕੁ ਜਣੇ ਆਪਣੇ ਆਪਣੇ ਕਾਗਜ਼ ਰਿਸੈਪਸ਼ਨਿਸਟ ਕੋਲ਼ ਜਮ੍ਹਾਂ ਕਰਵਾ ਰਹੇ ਸਨ। ਰਿਸੈਪਸ਼ਨਿਸਟ ਸਰੀਰਕ ਦਿੱਖ ਤੋਂ ਕਾਫ਼ੀ ਮੋਟੀ ਜਿਹੀ ਪਰ ਸੁਭਾਅ ਪੱਖੋਂ ਥੋੜ੍ਹੀ ਜਿਹੀ ਖੁਸ਼ਮਿਜ਼ਾਜ਼ ਲੱਗਦੀ ਸੀ। ਗੱਲ ਕਰਨ ਸਮੇਂ ਜਾਂ ਲਿਖਾ ਪੜ੍ਹੀ ਕਰਨ ਸਮੇਂ ਅੰਗਰੇਜ਼ੀ ਵੀ ਕੰਮ ਸਾਰਨ ਜਿੰਨੀ ਕੁ ਵਰਤਦੀ ਸੀ। ਸੁਮਨ ਸੋਚ ਰਹੀ ਸੀ ਕਿ ਆਮ ਤੌਰ ਤੇ ਪ੍ਰਾਈਵੇਟ ਕੰਪਨੀਆਂ ਵਾਲੇ ਰਿਸੈਪਸ਼ਨਿਸਟ ਇਸ ਤੋਂ ਉਲਟ ਖੂਬੀਆਂ ਵਾਲੇ ਨੂੰ ਹੀ ਰੱਖਦੇ ਹਨ ਜਿਸ ਤੋਂ ਉਸ ਨੂੰ ਲੱਗਿਆ ਕਿ ਉਸ ਨੂੰ ਸਿਫਾਰਸ਼ ਤੇ ਰੱਖਿਆ ਹੋਇਆ ਹੋਵੇਗਾ ।ਉਸ ਨੂੰ ਦੇਖ ਕੇ ਉਹ ਇਹ ਵੀ ਸੋਚ ਰਹੀ ਸੀ ਕਿ ਪਤਾ ਨਹੀਂ ਉਸ ਨੂੰ ਨੌਕਰੀ ਮਿਲੇਗੀ ਜਾਂ ਨਹੀਂ , ਜਾਂ ਫਿਰ ਇੱਥੇ ਵੀ ਕੋਈ ਸਿਫਾਰਸ਼ ਵਾਲ਼ਾ ਹੀ ਰੱਖ ਲਿਆ ਜਾਵੇਗਾ।

ਆਖ਼ਰ ਸੁਮਨ ਨੂੰ ਨੌਕਰੀ ਮਿਲ਼ ਹੀ ਗਈ,ਜੋ ਉਸ ਦੇ ਮਨ ਵਿੱਚ ਡਰ ਸੀ ਉਹ ਦੂਰ ਹੋ ਗਿਆ ਸੀ। ਸੁਮਨ ਹਰ ਰੋਜ਼ ਸਕੂਲ ਡਿਊਟੀ ਤੇ ਜਾਣ ਆਉਣ ਲੱਗੀ। ਰਿਸੈਪਸ਼ਨਿਸਟ ਤੱਕ ਉਸ ਦਾ ਵਾਹ ਸਿਰਫ਼ ਸਵੇਰੇ ਤੇ ਸ਼ਾਮ ਹਾਜ਼ਰੀ ਲਾਉਣ ਵੇਲੇ 'ਗੁੱਡ ਮੋਰਨਿੰਗ ' ਜਿੰਨਾਂ ਹੀ ਪੈਂਦਾ ਸੀ। ਸੁਮਨ ਦੀ ਕਦੇ ਉਸ ਨਾਲ ਇਸ ਤੋਂ ਵੱਧ ਗੱਲ ਨਾ ਹੋਈ। ਨਾ ਹੀ ਉਸ ਨੇ ਉਸ ਨੂੰ ਕਦੇ ਸਕੂਲ ਨੂੰ ਆਉਂਦੇ ਜਾਂ ਜਾਂਦੇ ਦੇਖਿਆ ਸੀ ਕਿ ਜਿਸ ਤੋਂ ਪਤਾ ਲੱਗਦਾ ਕਿ ਉਹ ਆਪ ਆਉਂਦੀ ਸੀ ਜਾਂ ਉਸ ਦੇ ਹਸਬੈਂਡ ਛੱਡ ਕੇ ਜਾਂਦੇ ਸਨ। ਦੋ ਕੁ ਮਹੀਨਿਆਂ ਬਾਅਦ ਪਤਾ ਲੱਗਿਆ ਕਿ ਉਸ ਦਾ ਬੇਟਾ ਜਗਮੀਤ ਵੀ ਉਸੇ ਸਕੂਲ ਵਿੱਚ ਪੜ੍ਹਦਾ ਸੀ ਤੇ ਉਹ ਵੀ ਸੁਮਨ ਦੀ ਜਮਾਤ ਵਿੱਚ ਹੀ ਜਿਸ ਦੀ ਉਹ ਇੰਚਾਰਜ ਹੈ, ਜਦੋਂ ਉਹ ਆਪ ਅੱਧੀ ਛੁੱਟੀ ਵੇਲੇ ਕੱਲ੍ਹ ਨਾ ਆਉਣ ਲਈ ਉਸ ਦੀ ਛੁੱਟੀ ਲੈਣ ਲਈ ਅਰਜ਼ੀ ਦੇਣ ਆਈ ਸੀ। ਫਿਰ ਸੁਮਨ ਉਸ ਨਾਲ਼ ਥੋੜ੍ਹੀ ਬਹੁਤ ਹੋਰ ਗੱਲ ਕਰਨ ਲੱਗੀ।ਕਦੇ ਜਗਮੀਤ ਦੇ ਟੈਸਟ ਵਿੱਚੋਂ ਘੱਟ ਨੰਬਰ ਆਉਣ ਤੇ,ਕਦੇ ਜਮਾਤ ਵਿੱਚ ਸ਼ਰਾਰਤਾਂ ਕਰਨ ਤੇ ਜਾਂ ਫਿਰ ਉਸ ਨੂੰ ਕਿਸੇ ਪ੍ਰਤੀਯੋਗਤਾ ਵਿੱਚ ਭਾਗ ਲੈਣ ਲਈ ਆਖਣ ਬਾਰੇ।

ਇੱਕ ਦਿਨ ਫਿਰ ਰਿਸੈਪਸ਼ਨਿਸਟ ਆਪਣੇ ਬੇਟੇ ਦੀ ਛੁੱਟੀ ਲਈ ਅਰਜ਼ੀ ਦੇਣ ਆਈ ਤਾਂ ਸੁਮਨ ਨੇ ਜਾਣ ਪਛਾਣ ਵਧਾਉਣ ਦੇ ਮਕਸਦ ਨਾਲ ਅਗਾਂਹ ਗੱਲ ਤੋਰੀ ,"ਪ੍ਰੀਤੀ ਮੈਡਮ, ਜਗਮੀਤ ਦੇ ਅੱਜ ਮੈਥ ਦੇ ਟੈਸਟ ਵਿੱਚੋਂ ਨੰਬਰ ਬਹੁਤ ਘੱਟ ਆਏ ਨੇ... ਹੁਣ ਪੇਪਰ ਆਉਣ ਵਾਲੇ ਨੇ ... ਤੁਸੀਂ ਇਸਨੂੰ ਬਹੁਤੀਆਂ ਛੁੱਟੀਆਂ ਨਾ ਕਰਵਾਇਆ ਕਰੋ।"

"ਜਿਸ ਦਿਨ ਫਿਰ ਮੈਂ ਨਾ ਆਉਣਾ ਹੋਵੇ...... ਉਸ ਦਿਨ ਔਖਾ ਹੋ ਜਾਂਦਾ ਹੈ.... ਮਜ਼ਬੂਰੀ ਵਿੱਚ ਹੀ ਕਰਵਾਉਣੀ ਪੈਂਦੀ ਹੈ....!" ਉਸ ਨੇ ਜਵਾਬ ਦਿੱਤਾ।

"ਤੁਹਾਡੇ ਹਸਬੈਂਡ ਛੱਡ ਜਾਇਆ ਕਰਨ....!" ਸੁਮਨ ਨੇ ਸਲਾਹ ਦਿੱਤੀ।

"ਉਹ.....ਹੈ ਨਹੀਂ.....।" ਰਿਸੈਪਸ਼ਨਿਸਟ ਨੇ ਤਿੰਨ ਅੱਖਰਾਂ ਵਿੱਚ ਗੱਲ ਸਪਸ਼ਟ ਕੀਤੀ।

ਸੁਮਨ ਵੀ ਚੁੱਪ ਕਰ ਗਈ ਤੇ ਉਹ ਵੀ ਕੱਲ੍ਹ ਦੀ ਅਰਜ਼ੀ ਫੜਾ ਕੇ ਚਲੀ ਗਈ। ਸੁਮਨ ਦੇ ਦਿਮਾਗ ਵਿੱਚ ਉਸ ਦੇ ਮੇਕ ਅੱਪ ਅਤੇ ਕੱਪੜੇ ਪਹਿਨਣ ਦੇ ਤੌਰ ਤਰੀਕਿਆਂ ਬਾਰੇ ਕਈ ਤਰ੍ਹਾਂ ਦੇ ਪ੍ਰਸ਼ਨ ਚਿੰਨ੍ਹ ਉੱਠਦੇ ਹਨ।

ਇੱਕ ਦਿਨ ਉਸ ਨੇ ਸਵੇਰੇ ਸਵੇਰੇ ਹੀ ਸੁਮਨ ਨੂੰ ਹਾਜ਼ਰੀ ਲਾਉਂਦੇ ਵੇਲੇ ਹੀ ਕਹਿ ਦਿੱਤਾ ਕਿ ਉਹ ਜਗਮੀਤ ਦਾ ਪੇਪਰ ਘੰਟੇ ਕੁ ਚ ਲੈ ਲਵੇ ਤਾਂ ਜੋ ਉਸ ਨੇ ਛੁੱਟੀ ਲੈ ਕੇ ਜਾਣਾ ਹੈ। ਸੁਮਨ ਨੇ ਜਮਾਤ ਦੀ ਇੰਚਾਰਜ ਹੋਣ ਦੇ ਨਾਤੇ ਕਿਹਾ ,"ਮੈਡਮ .... ਅੱਜ ਅੰਗਰੇਜ਼ੀ ਦਾ ਪੇਪਰ ਐ ..... ਤੁਸੀਂ ਅੱਜ ਤਾਂ ਇਸ ਨੂੰ ਛੁੱਟੀ ਨਾ ਕਰਵਾਉਂਦੇ.... ।"

"ਕੀ ਕਰਾਂ ਬਹੁਤ ਵੱਡੀ ਮਜ਼ਬੂਰੀ ਹੈ.....!"

"ਇਸ ਦਾ ਫਾਈਨਲ ਪੇਪਰ ਐ..... ਬੱਚਿਆਂ ਦੇ ਭਵਿੱਖ ਤੋਂ ਵੱਡੀ ਤਾਂ ਮੈਡਮ ਕੋਈ ਮਜ਼ਬੂਰੀ ਨਹੀਂ ਹੋ ਸਕਦੀ...।"

" ਕਚਹਿਰੀ....ਤਰੀਕ ਤੇ ਜਾਣਾ.....।"

"ਇਸ ਨੂੰ ਨਾਲ਼ ਲੈ ਕੇ.....?" ਸੁਮਨ ਹੈਰਾਨ ਹੋ ਕੇ ਪੁੱਛਦੀ ਹੈ।

"ਹਾਂ..... ਇਹਦਾ ਜਾਣਾ ਵੀ ਜ਼ਰੂਰੀ ਹੈ।"

"ਕਿਸ ਕੇਸ ਵਿੱਚ ਮੈਮ....?"

"ਇਹਦੇ ਪਿਓ ਦਾ ਸਿਆਪਾ ਕਰਨਾ....।" ਰਿਸੈਪਸ਼ਨਿਸਟ ਬੋਲੀ।

ਸੁਮਨ ਉਸ ਦੀ ਇਹੋ ਜਿਹੀ ਬੋਲੀ ਸੁਣ ਕੇ ਇੱਕ ਦਮ ਬੋਲੀ,"ਮੈਮ....ਇਹ ਕੀ ਕਹਿ ਰਹੇ ਹੋ....।"

"ਤਿੰਨ ਸਾਲ ਪਹਿਲਾਂ.....ਮੇਰਾ ਘਰ ਬਹੁਤ ਵਧੀਆ ਵਸਿਆ ਹੋਇਆ ਸੀ....ਪਰ ਅਚਾਨਕ ਮੇਰੇ ਦਿਓਰ ਦੀ ਡੈਥ ਹੋ ਗਈ ..... ਸਾਰਿਆਂ ਨੇ ਆਪਣੀ ਰਜ਼ਾਮੰਦੀ ਨਾਲ ਮੈਨੂੰ ਬਿਨਾਂ ਪੁੱਛੇ.... ਮੇਰੀ ਦਰਾਣੀ ਨੂੰ ਮੇਰੇ ਆਦਮੀ ਦੇ ਸਿਰ ਧਰ ਦਿੱਤਾ.... ਉਸ ਤੋਂ ਬਾਅਦ ਮੈਂ ਪੇਕੇ ਆ ਗਈ..... ਉਹਨਾਂ ਨੇ ਮੈਨੂੰ ਇੱਥੇ ਨੌਕਰੀ ਤੇ ਲਾ ਦਿੱਤਾ..... ਕਿਉਂ ਕਿ ਸਕੂਲ ਦੇ ਮਾਲਕ ਮੇਰੇ ਮਾਮਾ ਜੀ ਨੇ.... ਤੇ ....ਜਗਮੀਤ ਦਾ ਹੱਕ ਲੈਣ ਲਈ ਕਾਨੂੰਨੀ ਲੜਾਈ ਲੜ ਰਹੀ ਆਂ..... ਵਿਧਵਾ ਮੇਰੀ ਦਰਾਣੀ ਥੋੜ੍ਹਾ ਨਾ ਹੋਈ..... ਵਿਧਵਾ ਤਾਂ ਮੈਂ ਹੋ ਗਈ....ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜ਼ਬੂਰ ਕਰ ਦਿੱਤਾ ਇਸ ਸਮਾਜ ਦੀਆਂ ਪੁੱਠੀਆਂ ਰੀਤਾਂ ਨੇ..... ਮੈਂ ਤਾਂ ਨਾਂ ਦੀ ਇੱਕ ਸੁਹਾਗਣ ਤੇ ਵਕਤ ਦੀ ਮਾਰੀ ਹੋਈ ਵਿਧਵਾ ਹਾਂ.....।" ਕਹਿੰਦੇ ਕਹਿੰਦੇ ਉਸ ਦੀਆਂ ਅੱਖਾਂ ਵਿੱਚ ਪਾਣੀ ਭਰ ਆਇਆ।

ਸੁਮਨ ਉਸ ਦੀ ਗੱਲ ਸੁਣ ਕੇ ਇੱਕ ਦਮ ਚੁੱਪ ਹੋ ਗਈ....ਤੇ ਬਹੁਤ ਦੇਰ ਤੱਕ ਸਾਡੇ ਸਮਾਜ ਵਿਚਲੀਆਂ ਪੁੱਠੀਆਂ ਰੀਤਾਂ ਬਾਰੇ ਸੋਚਦੀ ਰਹੀ ਤੇ "ਸੁਹਾਗਣ ਵਿਧਵਾ " ਸ਼ਬਦ ਉਸ ਦੇ ਦਿਮਾਗ਼ ਵਿੱਚ ਗੂੰਜਦਾ ਰਿਹਾ।



ਬਰਜਿੰਦਰ ਕੌਰ ਬਿਸਰਾਓ...
9988901324






Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**